# ਸਭਿਆਚਾਰਕ ਮੁਹਾਂਦਰੇ



ਮਨਮੋਹਨ ਸਿੰਘ ਦਾਊਂ

# ਸਭਿਆਚਾਰਕ ਮੁਹਾਂਦਰੇ

ਮਨਮੋਹਨ ਸਿੰਘ ਦਾਊਂ

ਸਭਿਆਚਾਰਕ ਮੁਹਾਂਦਰੇ

# SABHYACHARIK MUHANDERE (Essays)

BY

Manmohan Singh Daon

ਲੇਖਕ ਦੇ ਸਭ ਹੱਕ ਰਾਖਵੇਂ ਹਨ।

ਪਹਿਲੀ ਵਾਰ 1981

ਪ੍ਰਕਾਸ਼ਕ : ਉੱਤਮ ਪ੍ਰਕਾਸ਼ਨ
ਪਿੰਡ ਤੇ ਡਾਕਖਾਨਾ ਦਾਊਂ
ਤਹਿਸੀਲ ਖਰੜ (ਜ਼ਿਲ੍ਹਾ ਰੋਪੜ)

ਤਸਵੀਰਾਂ : ਸੁਰਿੰਦਰਾ ਫੋਟੋ ਸਟੂਡੀਓ ਖਰੜ

ਪ੍ਰਿੰਟਰ : ਗੁਲਵਾਸ਼ ਪ੍ਰਿਟਿੰਗ ਪ੍ਰੈਸ ਕੁਰਾਲੀ (ਰੋਪੜ)

ਮੁੱਲ : 10 ਰੁਪਏ

# ਸਮਰਪਣ

ਆਪਣੇ ਪਿੰਡ ਦੇ ਉਹਨਾਂ ਲੋਕ-ਪਾਤਰਾਂ ਦੇ

ਨਾਂ

ਜਿਹੜੇ ਪੰਜਾਬੀ-ਸਭਿਆਚਾਰ ਦੇ

ਜਿਊਂਦੇ-ਜਾਗਦੇ ਮੁਹਾਂਦਰੇ ਹਨ !!

1. ਪ੍ਰੇਮੋ
2. ਬੰਤਾਂ
3. ਦੀਪੋ
4. ਬਸ਼ੀਰਾਂ ਮਾਈ
5. ਦਲੀਪ
6. ਈਸ਼ਰ
7. ਮੋਣਾ

ਲੇਖਕ ਦੀਆਂ ਛਪੀਆਂ ਰਚਨਾਵਾਂ ਦਾ ਵੇਰਵਾ :—

1 ਖਾਮੋਸ਼-ਚਸ਼ਮਾ (ਕਾਵਿ-ਸੰਗ੍ਰਹਿ)

2 ਦਰਦ ਸੰਗ ਦੋਸਤੀ (ਕਾਵਿ-ਸੰਗ੍ਰਹਿ)

3 ਸਭਿਆਚਾਰਕ ਮੁਹਾਂਦਰੇ (ਲੇਖ)

| ਲੜੀ ਨੰ: | ਲੇਖ ਸੂਚੀ | ਪੰਨਾ |
|---|---|---|
| 1. | ਪੇਂਡੂ ਔਰਤ ਦਾ ਤਵੇ ਦਾ ਤਪ | 13 |
| 2. | ਤਿਲ ਦੀ ਮਨੁੱਖੀ ਜੀਵਨ ਸਾਂਝ | 18 |
| 3. | ਦਿਵਾਲੀ ਤੇ ਪੇਂਡੂ ਘਰਾਂ ਦੀ ਸਜਾਵਟ | 24 |
| 4. | ਕਿਸਾਨ ਦੇ ਢੱਗੇ | 28 |
| 5. | ਦੁੱਧ ਚਿੱਟੀਆਂ ਕਪਾਹ ਦੀਆਂ ਫੁੱਟੀਆਂ | 34 |
| 6. | ਸੁਅ ਣੀਆਂ ਨੂੰ ਸੇਵੀਂਆਂ ਦਾ ਚਾਅ | 37 |
| 7. | ਟੋਭੇ ਨਾਲ ਪਿੰਡ ਦੀ ਲੋਕ ਸਾਂਝ | 41 |
| 8. | ਮਾਂਜਾ ਦੇਣ ਚੱਲੀਆਂ | 45 |
| 9. | ਪੇਂਡੂ ਸੁਆਣੀ ਦੇ ਚੁਲ੍ਹੇ ਦਾ ਇੰਨਣ | 48 |
| 10 | ਘੜੇ ਦੀ ਸਭਿਆਚਾਰਕ ਸਾਂਝ | 51 |
| 11 | ਬੜੀਆਂ ਟੁੱਕਦੀਆਂ ਸੁਆਣੀਆਂ | 56 |
| 12 | ਸੁਰਮਾ ਅੱਖੀਆਂ ਦਾ ਸ਼ਿੰਗਾਰ | 60 |
| 13 | ਪੇਂਡੂ ਸੰਸਕ੍ਰਿਤੀ ਵਿੱਚ ਰੁੱਖਾਂ ਦੀ ਹੋਂਦ | 63 |
| 14 | ਦਰੀਆਂ ਬੁਣਨ ਦਾ ਹੁਨਰੀ ਸ਼ੌਕ | 69 |
| 15 | ਜੱਟ ਦੀ ਬੰਬੀ | 75 |
| 16 | ਹੁਣ ਨਾ ਦਾਦੀ ਰੂੰ ਵੇਲੇ | 78 |



ਡਾ: ਮਹਿੰਦਰ ਸਿੰਘ ਰੰਧਾਵਾ

## ਜਾਣ-ਪਛਾਣ

ਨੌਜੁਆਨ ਲੇਖਕ ਮਨਮੋਹਨ ਸਿੰਘ ਦਾਊਂ (ਪ੍ਰਧਾਨ, ਪੰਜਾਬੀ ਸਾਹਿਤ ਸਭਾ ਖਰੜ) ਨਾਲ ਮੇਰੀ ਪਹਿਲੀ ਜਾਣ-ਪਛਾਣ 1967 'ਚ ਉਦੋਂ ਹੋਈ ਜਦੋਂ ਮੇਰੇ ਸੱਦੇ 'ਤੇ 'ਪੰਜਾਬ ਕਲਾ ਮੰਚ 'ਦੇ ਨਿਰਦੇਸ਼ਕ ਸ੍ਰੀ ਹਰਪਾਲ ਟਿਵਾਣਾ ਨੇ ਖਰੜ ਵਿਖੇ, ਮੇਰੀ ਪ੍ਰਧਾਨਗੀ ਹੇਠ ਡਾ: ਹਰਚਰਨ ਸਿੰਘ (ਨਾਟਕਕਾਰ) ਦਾ ਨਾਟਕ 'ਇਤਿਹਾਸ ਜਵਾਬ ਮੰਗਦਾ ਹੈ 'ਬੜੀ ਸਫਲਤਾ ਨਾਲ ਖੇਡਿਆ। ਮੈਨੂੰ ਇਸ ਕਵੀ ਦੀ ਮਾਂ-ਬੋਲੀ ਪ੍ਰਤੀ ਲਗਨ ਤੇ ਸੁਹਿਰਦਤਾ ਵੇਖਕੇ ਬੜੀ ਖੁਸ਼ੀ ਹੋਈ। ਸਮੇਂ ਸਮੇਂ ਇਹ ਨੌਜੁਆਨ ਮੈਨੂੰ ਮੇਰੇ ਨਿਵਾਸ-

ਅਸਥਾਨ ਗਾਰਡਨ-ਕਲੋਨੀ ਖ ਨਪੁਰ ਵਿਖੇ ਮਿਲਦਾ ਰਿਹਾ। ਮੈਨੂੰ ਇਸ ਲੇਖਕ ਦੀ ਵਾਰਤਕ ਬੜੀ ਚੰਗੀ ਲੱਗੀ ਤੇ ਮੈਂ ਇਸ ਨੂੰ ਪੇਂਡੂ-ਸਭਿਆਚਾਰ ਬਾਰੇ ਵਾਰਤਕ ਲਿਖਣ ਲਈ ਪ੍ਰੇਰਣਾ ਦਿੱਤ।

ਹੱਥਲੀ ਪੁਸਤਕ ਲੇਖਕ ਦੀ ਮਿਹਨਤ ਦਾ ਇਕ ਚੰਗਾ ਨਮੂਨਾ ਹੈ। 'ਸਭਿਆਚਾਰਕ ਮੁਹਾਂਦਰੇ' ਦੇ ਲੇਖਾਂ ਦਾ ਵਿਸ਼ਾ-ਵਸਤੂ ਪੰਜਾਬੀ ਸਭਿਆਚਾਰ ਦੇ ਭਿੰਨ-ਭਿੰਨ ਰੇਖਾ ਚਿੱਤਰ ਜਾਪਦੇ ਹਨ। ਪੁਰਾਣੇ ਸਭਿਆਚਾਰ ਨੂੰ ਸਾਂਭਣ ਨਾਲ ਹੀ ਆਧੁਨਿਕ-ਸਭਿਆਚਾਰ ਨੂੰ ਨਵੀਂ ਸੇਧ ਦਿੱਤੀ ਜਾ ਸਕਦੀ ਹੈ। ਇਨ੍ਹਾਂ ਲੇਖਾਂ ਦੀ ਬੋਲੀ ਸੰਜਮੀ, ਰੋਚਿਕ ਤੇ ਠੁੱਕਦਾਰ ਹੈ। ਲੇਖਕ ਨੇ ਪੇਂਡੂ ਜੀਵਨ ਸੁਹਜਾਤਮਿਕ ਤੇ ਕਲਾਤਮਿਕ ਸ਼ੈਲੀ ਵਰਤਕੇ ਲੋਕ-ਗੀਤਾਂ, ਮੁਹਾਵਰਿਆਂ, ਅਖੌਤਾਂ ਤੇ ਪੇਂਡੂ ਸ਼ਬਦਾਵਲੀ ਰਾਹੀਂ ਬੜੀ ਸੂਖਮਤਾ ਤੇ ਡੂੰਘਾਈ ਨਾਲ ਪੇਸ਼ ਕੀਤਾ ਹੈ।

ਇਸ ਪੁਸਤਕ 'ਚ ਸ਼ਾਮਲ ਕੀਤੀਆਂ ਤਸਵੀਰਾਂ ਪੰਜਾਬੀ ਸਭਿਆਚਾਰ ਨੂੰ ਰੂਪਮਾਨ ਕਰਦੀਆਂ ਹਨ। ਮੈਂ ਇਸ ਪੁਸਤਕ ਦੀ ਵਲਿੱਖਣਤਾ ਉੱਤੇ ਵਧਾਈ ਦਿੰਦਾ ਹੋਇਆ, ਇਸ ਲੇਖਕ ਤੋਂ ਉਮੀਦ ਕਰਦਾ ਹਾਂ ਕਿ ਭਵਿੱਖ ਵਿਚ ਵੀ ਇਸਦੀ ਕਲਮ ਪੰਜਾਬੀ ਸਭਿਆਚਾਰ ਦੀ ਸਾਂਭ ਕਰਕੇ ਨਿਗਰ ਵਾਧਾ ਪਾਉਣ ਲਈ ਯਤਨਸ਼ੀਲ ਰਹੇਗੀ।

17-8-1981

ਮਹਿੰਦਰ ਸਿੰਘ ਰੰਧਾਵਾ
ਪ੍ਰਧਾਨ, ਪੰਜਾਬੀ ਸਾਹਿਤ ਅਕੈਡਮੀ

# ਇਸ ਪੁਸਤਕ ਦੀ ਗੱਲ

ਕੁਝ ਵਰੇ੍ਹ ਹੋਏ ਬਹੁ-ਪੱਖੀ ਸਖਸ਼ੀਅਤ ਦੇ ਮਾਲਕ, ਕਲਾ ਤੇ ਸਭਿਆਚਾਰ ਦੇ ਕਦਰਦਾਨ ਤੇ ਵਿਦਵਾਨ ਸਾਹਿਤਕਾਰ ਡਾ: ਮਹਿੰਦਰ ਸਿੰਘ ਰੰਧਾਵਾ ਸਾਹਿਬ ਨਾਲ ਉਹਨਾਂ ਦੇ ਨਿਵਾਸ-ਅਸਥਾਨ ਗਾਰਡਨ ਕਲੋਨੀ ਖਾਨਪੁਰ ਵਿਖੇ ਮੈਨੂੰ ਇਕ ਨਿੱਕੀ ਜਿਹੀ ਮੁਲਾਕਾਤ ਕਰਨ ਦਾ ਮੌਕਾ ਮਿਲਿਆ। ਗੱਲਾਂ ਗੱਲਾਂ 'ਚ ਉਹਨਾਂ ਮੈਨੂੰ ਪੇਂਡੂ ਸਭਿਆਚਾਰ ਬਾਰੇ ਤੇ ਲੋਕਾਂ ਦੇ-ਨਿੱਜੀ ਜੀਵਨ ਬਾਰੇ ਵਾਰਤਕ 'ਚ ਕੁਝ ਨਾ ਕੁਝ ਲਿਖਣ ਲਈ ਸੁਝਾਅ ਦਿੱਤਾ। ਉਹਨਾਂ ਕਿਹਾ ਕਿ ਪਿੰਡ 'ਚ ਬਹੁਤ ਕੁਝ ਲਿਖਣ ਲਈ ਪਿਆ ਹੈ। ਉੱਥੇ ਹੀ ਸਾਡਾ ਅਸਲ ਸਭਿਆਚਾਰ ਹੈ ਜਿਸਨੂੰ ਸਾਂਭਣਾ ਅਜੋਕੇ ਪੰਜਾਬੀ ਸਾਹਿਤ ਵਿਚ ਬਹੁਤ ਜਰੂਰੀ ਹੈ। ਮੈਂ ਸੋਚਦਾ ਰਿਹਾ ਤੇ ਵਰੇ੍ਹ ਬੀਤਦੇ ਗਏ। ਮੇਰੇ ਅੰਦਰ ਇਕ ਮੋਹ ਦੀ ਭਾਵਨਾ ਉਭਰਦੀ ਰਹੀ ਤੇ ਮੈਂ ਸਾਹਿਤਕ-ਡਾਇਰੀ ਲਿਖਣੀ ਸ਼ੁਰੂ ਕਰ ਦਿਤੀ ਤੇ ਮੇਰੀ ਕਾਵਿ-ਸਿਰਜਨਾ ਦੇ ਨਾਲ ਨਾਲ ਵਾਰਤਕ ਲਿਖਣ ਦਾ ਸ਼ੌਕ ਤਿਖੇਰਾ ਹੁੰਦਾ ਗਿਆ। ਡਾ: ਰੰਧਾਵਾ ਸਾਹਿਬ ਵੱਲੋਂ ਇਸ ਪੁਸਤਕ ਦੀ ਜਾਣ ਪਛਾਣ, ਲਿਖਣ ਲਈ ਮੈਂ ਉਹਨਾ ਦਾ ਹੱਦੋਂ ਵੱਧ ਧੰਨਵਾਦੀ ਹਾਂ।

ਮੈਂ ਆਪਣੀ ਸਾਹਿਤਕ ਡਾਇਰੀ ਦੀ ਵਾਰਤਕ ਕਈ ਮਿੱਤਰਾਂ ਨੂੰ ਪੜ੍ਹਾਉਂਦਾ ਰਿਹਾ ਉਨ੍ਹਾਂ ਮੇਰੀ ਵਾਰਤਕ ਨੂੰ ਪਸੰਦ ਕੀਤਾ। ਸਾਹਿਤਕ ਰੁਚੀਆਂ ਦੀ ਮਾਲਕ ਮੇਰੀ ਪਤਨੀ ਦਲਜੀਤ ਕੌਰ ਢਿੱਲੋਂ ਨੇ ਵੀ ਮੇਰੀ ਵਾਰਤਕ ਨੂੰ ਬਹੁਤ ਪਸੰਦ ਕੀਤਾ। ਮੈਨੂੰ ਹੋਰ ਵੀ ਉਤਸ਼ਾਹ ਮਿਲਿਆ। ਮੈਨੂੰ ਆਪਣੇ ਆਲੇ ਦੁਆਲੇ ਜੀਅ ਰਹੇ ਲੋਕਾਂ ਦੇ ਪੇਂਡੂ, ਕਿਰਤੀ ਤੇ ਕਿਸਾਨੀ ਜੀਵਨ ਦਾ ਬਹੁਤ ਨੇੜਿਓਂ ਤੱਕਣ ਦਾ ਮੌਕਾ ਮਿਲਦਾ ਗਿਆ। ਮੈਨੂੰ ਉਹਨਾਂ ਦੀ ਮਿਹਨਤੀ-ਕਿਰਤ ਤੇ ਹੁਨਰੀ-ਸ਼ੌਕ 'ਚੋਂ ਉਹਨਾਂ ਦੇ ਦੁਖ-ਸੁਖ, ਹਾਵ ਭਾਵ ਮਨੋ-ਭਾਵ, ਉਮੰਗਾਂ ਤੇ ਆਰਥਿਕ-ਮਜ਼ਬੂਰੀਆਂ, ਲੋਕ-ਗੀਤਾਂ ਦੇ ਅਸਲ ਨੈਣ-ਨਕਸ਼ ਜਾਪਣ ਲੱਗੇ। ਉਹਨਾਂ ਦੇ ਜੀਵਨ ਨਾਲ ਸਬੰਧਤ ਵੱਖ ਵੱਖ

ਵਿਸ਼ਿਆਂ ਨੂੰ ਮੈਂ ਪੰਜਾਬੀ ਸਭਿਆਚਾਰਕ ਮੁਹਾਂਦਰੇ ਦਾ ਰੂਪ ਦੇਣ ਦੀ ਨਿਗੂਣੀ ਜਿਹੀ ਕੋਸ਼ਿਸ਼ ਸ਼ੁਰੂ ਕਰ ਦਿੱਤੀ। ਕੁਝ ਇਕ ਲੇਖ ਪੰਜਾਬੀ ਟ੍ਰਿਬਿਊਨ ਤੇ ਰਸਾਲਿਆਂ 'ਚ ਛਪਣ ਕਾਰਨ, ਪਾਠਕਾਂ ਵੱਲੋਂ ਮੈਨੂੰ ਸ਼ਲਾਘਾ ਮਿਲਦੀ ਰਹੀ ਤੇ ਮੈਂ ਕਦਮ ਕਦਮ ਹੋਰ ਅੱਗੇ ਤੁਰਦਾ ਗਿਆ।

ਆਖਿਰ ਇਹ ਲੇਖ ਇਕ ਦਿਨ ਹੱਥਲੀ-ਪੁਸਤਕ ਦਾ ਰੂਪ ਧਾਰ ਗਏ। ਇਹਨਾਂ ਲੇਖਾਂ ਦੀ ਚੋਣ ਤੇ ਤਰਤੀਬ ਲਈ ਜਿੱਥੇ ਮੇਰੀ ਪਤਨੀ ਨੇ ਸੁਯੋਗ ਸੁਝਾਅ ਦਿੱਤੇ ਉੱਥੇ ਇਹਨਾਂ ਲੇਖਾਂ ਨੂੰ ਸੋਧਣ ਤੇ ਇਹਨਾਂ ਦੇ ਪਿਛੋਕੜ ਨਾਲ ਸਬੰਧਤ ਕਈ ਰਸਮਾਂ-ਰਿਵਾਜਾਂ; ਲੋਕ-ਗੀਤਾਂ ਅਤੇ ਵੱਖ ਵੱਖ ਖੇਤਰਾਂ ਦੀ ਸ਼ਬਦਾਵਲੀ ਨੂੰ ਇਕੱਠਿਆਂ ਕਰਨ ਵਿਚ ਬੜੇ ਚਾਅ ਤੇ ਲਗਨ ਨਾਲ ਮੈਨੂੰ ਸਹਿਯੋਗ ਦਿੱਤਾ। ਜਿਸ ਲਈ ਮੈਂ ਉਹਨਾਂ ਦਾ ਧੰਨਵਾਦ ਕਰੇ ਬਿਨਾਂ ਨਹੀਂ ਰਹਿ ਸਕਦਾ।

ਮੈਂ ਆਪਣੇ ਦੋਸਤ ਸ: ਸੁਰਿੰਦਰ ਸਿੰਘ (ਸੁਰਿੰਦਰਾ ਫੋਟੋ ਸਟੂਡੀਓ ਖਰੜ) ਦਾ ਬਹੁਤ ਧੰਨਵਾਦੀ ਹਾਂ ਜਿਸਨੇ ਮੇਰੇ ਅੱਧੇ ਬੋਲ 'ਤੇ ਆਪਣੇ ਕੈਮਰੇ ਰਾਹੀਂ ਇਸ ਪੁਸਤਕ ਨੂੰ ਸਚਿੱਤਰ ਬਣਾਉਣ ਲਈ ਥਾਂ ਥਾਂ ਜਾਕੇ ਢੁੱਕਵੀਆਂ ਤਸਵੀਰਾਂ ਖਿੱਚਣ ਵਿਚ ਬੜੀ ਮਿਹਨਤ ਕੀਤੀ।

ਸ: ਹਰਸਰਨ ਸਿੰਘ (ਨਾਟਕਕਾਰ) ਨੇ ਪੰਜਾਬੀ ਸਭਿਆਚਾਰ ਦੀ ਵਿਲੱਖਣਤਾ ਨੂੰ ਪਾਠਕਾਂ ਕੋਲ ਪੁਜਾਣਾ, ਸਮੇਂ ਦੀ ਮੰਗ ਸਮਝਦੇ ਹੋਏ ਮੈਨੂੰ ਇਹਨਾਂ ਲੇਖਾਂ ਨੂੰ ਪੁਸਤਕ ਦਾ ਰੂਪ ਦੇਣ ਲਈ ਉਤਸ਼ਾਹਤ ਕੀਤਾ ਜਿਸ ਲਈ ਮੈਂ ਉਹਨਾਂ ਦਾ ਧੰਨਵਾਦੀ ਹਾਂ।

ਸਭਿਆਚਾਰਕ-ਪ੍ਰੇਮੀਆਂ ਤੇ ਪਾਠਕਾਂ ਦੇ ਵੱਡਮੁਲੇ ਸੁਝਾਵਾਂ ਨੂੰ ਖਿੜੇ ਮੱਥੇ ਕਬੂਲਦਾ ਹੋਇਆ, ਮੈਂ ਭਵਿੱਖ ਵਿਚ ਵੀ ਇਸ ਪ੍ਰਯੋਜਨਾ ਨੂੰ ਆਰੰਭ ਰੱਖਣ ਦੀ ਕੋਸ਼ਿਸ਼ ਕਰਦਾ ਰਹਾਂਗਾ।

18 ਅਗਸਤ, 1981 ਮਨਮੋਹਨ ਸਿੰਘ ਦਾਊਂ

# ਪੇਂਡੂ ਔਰਤ ਦਾ ਤਵੇ ਦਾ ਤਪ

ਨਵੀਆਂ ਕਦਰਾਂ ਕੀਮਤਾਂ ਸਥਾਪਤ ਹੋਣ ਦੇ ਬਾਵਜੂਦ ਵੀ ਪੇਂਡੂ ਔਰਤਾਂ ਦੇ ਜੀਵਨ ਵਿਚ ਤਸੱਲੀਬਖਸ਼ ਪ੍ਰੀਵਰਤਨ ਨਹੀਂ ਆਇਆ। ਜੇਕਰ ਪੇਂਡੂ ਘਰਾਂ ਦੇ ਅੰਦਰੂਨੀ ਜਿਊਣ ਢੰਗ ਨੂੰ ਕੋਲੋਂ ਵੇਖੀਏ ਤੇ ਘੋਖੀਏ ਤਾਂ ਪੇਂਡੂ ਔਰਤ ਦੇ ਰੋਜ਼ਾਨਾ ਜੀਵਨ ਦੀ ਅਸਲ ਤਸਵੀਰ ਸਾਹਮਣੇ ਆਉਂਦੀ ਹੈ। ਪੰਜਾਬ ਦਾ ਪੇਂਡੂ ਜੀਵਨ ਬਹੁਤਾ ਕਿਰਸਾਨੀ ਕਿੱਤੇ ਨਾਲ ਜੁੜਿਆ ਹੋਇਆ ਹੈ ਅਤੇ ਅਜੇ ਬਹੁਤੀ ਅਨਪੜ੍ਹ-ਪੀੜ੍ਹੀ ਹਨੇਰੇ ਦੇ ਕਾਲ 'ਚ ਗੁਜ਼ਰ ਕਰ ਰਹੀ ਹੈ। ਜਦੋਂ ਤਕ ਦੇਸ਼ ਦੇ ਜਨ ਸਮੂਹਕ-ਜੀਵਨ ਵਿਚ ਹੇਠਲੀ ਇਕਾਈ ਤੋਂ ਜਾਗ੍ਰਤੀ ਤੇ ਖੁਸ਼ਹਾਲੀ ਨਹੀਂ ਆਉਂਦੀ ਉਦੋਂ ਤਕ ਸਾਡੇ ਸੁਪਨਿਆਂ ਦਾ ਸਮਾਜਵਾਦ ਸਾਕਾਰ ਨਹੀਂ ਹੋ ਸਕਦਾ। ਕਿਸੇ ਵੀ ਖੇਤਰ ਵਿਚ ਰਾਤੋ ਰਾਤ ਤਬਦੀਲੀ ਲਿਆਉਣੀ ਸੰਭਵ ਨਹੀਂ ਹੋ ਸਕਦੀ। ਸਗੋਂ ਤਬਦੀਲੀ ਲਈ ਤੱਥਾਂ ਅਤੇ ਮੂਲ ਪ੍ਰਵਿਰਤੀਆਂ ਨੂੰ ਸਾਹਮਣੇ ਰੱਖਕੇ, ਆਰਥਿਕ ਕਾਣਸੂਤੀ ਸਥਿਤੀ ਨੂੰ ਢਬ ਸਿਰ ਲਿਆਉਣਾ ਜਰੂਰੀ ਹੈ।

## ਔਰਤ, ਜਾਇਦਾਦ ਤੇ ਔਲਾਦ

ਇਹ ਮੰਨਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪੰਜਾਬ ਦੀ ਔਰਤ ਹਰ ਖੇਤਰ ਦਾ ਪਿੜ ਮੱਲਣ ਲਈ ਦਲੇਰ ਅਤੇ ਅਗਾਂਹ-ਵਧੂ ਸੋਚ ਦੀ ਧਾਰਨੀ ਹੈ। ਪਰ ਉਸਦੇ ਜੀਵਨ ਦਾ ਬਹੁਤਾ ਹਿੱਸਾ ਸਕੂਲ ਪੱਧਰ ਦੀ ਪੜ੍ਹਾਈ ਦੀ ਹੱਦ ਨਾ ਟੱਪਦਾ ਹੋਇਆ ਤਵੇ ਦੇ ਤੱਪ ਨਾਲ ਜੁੜ ਜਾਂਦਾ ਹੈ। ਇਹ ਸੱਚ ਹੈ ਕਿ ਘਰ ਦੀ ਰਸੋਈ ਨਾਲ ਹੀ ਇਕ ਸੁਖੀ ਤੇ ਪ੍ਰਸੰਨ ਪਰਿਵਾਰ ਬੰਨ੍ਹਿਆ ਜਾ ਸਕਦਾ ਹੈ ਜਿਸ ਦੀ ਉਸਰੱਈਆ ਔਰਤ ਹੀ ਹੋ ਸਕਦੀ ਹੈ। ਪਿੰਡਾਂ ਵਿਚ ਗਰੀਬ ਘਰ ਜਦੋਂ ਕਿਸੇ ਅਟਕੇ ਹੋਏ ਮੁੰਡੇ ਨੂੰ ਰਿਸਤਾ ਹੋ ਜਾਂਦਾ ਹੈ ਤਾਂ ਆਮ ਇਹੋ ਗੱਲ ਆਖੀ ਜਾਂਦੀ ਹੈ ਕਿ ਚਲੋ ਘਰ ਰੋਟੀ ਤਾਂ ਪੱਕਦੀ ਹੋਈ। ਇਹ ਗੱਲ ਸਾਡੇ ਸਮਾਜ ਵਿਚ ਔਰਤ ਬਾਰੇ ਅਤੀਤ ਦੇ ਸੰਕਲਪ ਨੂੰ ਪੇਸ਼ ਕਰਦੀ ਹੈ। ਫਿਰ ਜਦੋਂ ਅਜਿਹੇ ਘਰ ਕੋਈ ਜੁਆਕ ਪੈਦਾ ਹੋ ਜਾਂਦਾ ਹੈ ਤਾਂ ਘਰ ਦਾ ਬਾਨਣੂੰ ਬੰਨ੍ਹ ਹੋਇਆ ਮੰਨਿਆ ਜਾਂਦਾ ਹੈ, ਕਿਉਂਕਿ ਮਸਲਾ ਜਾਇਦਾਦ ਦੇ ਵਾਰਸ ਬਣਨ ਦਾ ਹੁੰਦਾ ਹੈ। ਇਸੇ ਕਾਰਨ ਅਜੇ ਵੀ ਪਿੰਡਾਂ ਵਿਚ ਅਧਖੜ ਉਮਰ ਦੇ ਆਦਮੀ ਮੁੱਲ ਦੀਆਂ ਔਰਤਾਂ ਖਰੀਦ ਲਿਆਉਂਦੇ ਹਨ ਤਾਂ ਜੋ ਦੀਵੇ ਨਾਲ ਦੀਵਾ ਬਲਦਾ ਰਹਿ ਸਕੇ।

ਸਵੇਰੇ ਤੜਕੇ ਤੋਂ ਉਠ ਔਰਤ ਰਸੋਈ ਦੇ ਆਹਰ ਵਿਚ ਲਗ ਜਾਂਦੀ ਹੈ। ਦੁੱਧ ਪਾਣੀ ਸਾਂਭਣ ਦਾ ਕੰਮ ਤੇ ਚਾਹ ਪਾਣੀ ਦੇ ਕੰਮ ਵਿਚ ਉਹ ਬਿਨਾਂ ਆਪਣਾ ਇਸ਼ਨਾਨ ਆਦਿ ਕਰਿਆਂ ਜੁਟ ਜਾਂਦੀ ਹੈ। ਚੁੱਲ੍ਹੇ ਵਿਚ ਅੱਗ ਬਾਲਣ ਦੀ ਸਮੱਸਿਆ ਉਸਦੀ ਪਹਿਲੀ ਚਿੰਤਾ ਹੁੰਦੀ ਹੈ। ਲੱਕੜ ਦੀ ਦਿੱਕਤ ਕਾਰਨ ਕਈ ਵੇਰ ਸਸਤੇ ਭਾਅ ਭੱਠਿਆਂ ਤੇ ਲਏ ਕੋਲਿਆਂ ਨਾਲ ਉਹ ਅੰਗੀਠੀ ਭਖਾਉਣ ਲਈ ਤਰਲੇ ਮਾਰਦੀ ਹੈ। ਕਈ ਵੇਰ ਸਲਾਭੀਆਂ

ਪਾਥੀਆਂ ਉਸਦੀ ਰਸੋਈ ਵਿਚ ਧੂੰਆਂ ਹੀ ਧੂੰਆਂ ਕਰ ਦਿੰਦੀਆਂ ਹਨ। ਅੱਗ ਨਾਲ ਜੂਝਦੀ ਉਹ ਖੇਤਾਂ ਵਿਚ ਜਾਣ ਵਾਲਿਆਂ ਲਈ ਚਾਹ ਦਾ ਪਤੀਲਾ ਉਬਾਲ ਧਰਦੀ ਹੈ। ਨੌਕਰੀ ਤੇ ਜਾਣ ਵਾਲਿਆਂ ਨੂੰ ਸਮੇਂ ਸਿਰ ਭੇਜਣ ਲਈ ਉਹ ਫਿਕਰਵੰਦ ਹੁੰਦੀ ਹੈ। ਹੁਣ ਘਰਾਂ ਵਿਚ ਕਈ ਸੁਆਣੀਆਂ ਸਟੋਵ ਦੀ ਵਰਤੋਂ ਵੀ ਕਰਨ ਲਗ ਪਈਆਂ ਹਨ ਪਰ ਵੱਡੇ ਪਰਿਵਾਰਾਂ ਦਾ ਗੁਜ਼ਾਰਾ ਸਟੋਵ ਨਾਲ ਚਲਣਾ ਮੁਸ਼ਕਲ ਹੈ। ਚੁਲ੍ਹੇ ਦੇ ਬਾਲਣ ਦੀ ਕਿੱਲਤ ਕਾਰਨ ਉਹ ਖੇਤਾਂ ਵਿਚੋਂ ਫਸਲਾਂ ਦੀਆ ਜੜ੍ਹਾਂ ਦੇ ਸੁੱਕੇ ਜੁੰਡੇ ਤੇ ਹੋਰ ਲੱਕੜਾਂ ਦਾ ਨਿੱਕ ਸੁੱਕ ਤੇ ਛਿੱਲੜ ਚੁੱਗ ਕੇ ਲਿਆਉਂਦੀ ਹੈ।

ਦੁੱਧ ਰਿੜਕਣ ਦਾ ਕੰਮ ਤਾਂ ਹੁਣ ਟਾਵੇਂ ਟਾਵੇਂ ਘਰ ਹੀ ਰਹਿ ਗਿਆ ਹੈ। ਉਸਦੀ ਥਾਂ ਚਾਹ ਦਾ ਕੰਮ ਕਈ ਗੁਣਾ ਵਧ ਗਿਆ ਹੈ। ਸਵੇਰ ਦੀ ਰੋਟੀ ਤਿਆਰ ਕਰਨੀ, ਡੰਗਰਾਂ ਦੇ ਗੋਹੇ ਕੂੜੇ ਦਾ ਕੰਮ, ਭਾਂਡਿਆਂ ਤੇ ਘਰ ਦੀ ਸਫਾਈ ਕਰਦੀ ਕਰਦੀ ਔਰਤ ਨੂੰ ਸਿਰ ਤੇ ਦੁਪਹਿਰਾ ਆ ਜਾਂਦਾ। ਫਿਰ ਉਸ ਨੂੰ ਦਸ ਵਜੇ ਵਾਲੀ ਚਾਹ ਵੀ ਜਰੂਰ ਭੇਜਣੀ ਹੁੰਦੀ ਹੈ। ਪਥਵਾੜੇ ਪਾਥੀਆਂ ਪੱਥਣ ਦਾ ਕੰਮ ਉਸ ਲਈ ਬੜਾ ਜਰੂਰੀ ਹੈ ਕਿਉਂਕਿ ਪਥਵਾੜੇ ਨੇ ਉਸਦੇ ਚੁਲ੍ਹੇ ਦੇ ਬਾਲਣ ਦੀ ਸਮੱਸਿਆ ਹਲ ਕਰਨੀ ਹੁੰਦੀ ਹੈ। ਕਈ ਔਰਤਾਂ ਨੂੰ ਬਾਹਰੋਂ ਦੁੱਧ ਦੇਣ ਵਾਲੇ ਡੰਗਰਾਂ ਲਈ ਘਾਹ ਪੱਠਾ ਖੋਤ ਕੇ ਦੁਪਹਿਰ ਤੋਂ ਪਹਿਲਾਂ ਪਹਿਲਾਂ ਲਿਆਉਣਾ ਹੁੰਦਾ ਹੈ। ਵੱਡੇ ਜ਼ਿਮੀਂਦਾਰਾਂ ਦੇ ਘਰਾਂ ਵਿਚ ਦੁਪਹਿਰ ਦੀ ਰੋਟੀ ਕਾਮਿਆਂ ਤੇ ਘਰ ਦੇ ਜੀਆਂ ਲਈ ਪਕਾਉਂਦੀ ਔਰਤ ਦਾ ਲੱਕ ਰਹਿ ਜਾਂਦਾ ਹੈ। ਥੱਬੇ ਦੇ ਥੱਬੇ ਰੋਟੀਆਂ ਪਕਦੀਆਂ ਹਨ। ਦੂਜੇ ਪਾਸੇ ਹਾਰੇ ਵਿਚ ਦਾਲ ਰਿੱਝ ਰਹੀ ਹੁੰਦੀ ਹੈ। ਗਰਮੀ, ਸਰਦੀ ਤੇ ਬਰਸਾਤ ਤੇ ਬਿਮਾਰੀ ਆਦਿ ਦੀਆਂ ਰੁੱਤਾਂ ਉਸਦੇ ਸਰੀਰ ਉਤੋਂ ਗੁਜਰਦੀਆਂ ਰਹਿੰਦੀਆਂ ਹਨ ਪਰ ਉਸ ਦੇ ਕੰਮਾਂ ਵਿਚ ਕੋਈ

ਕਮੀ ਨਹੀਂ ਆਉਂਦੀ, ਜਿਵੇਂ ਉਹ ਕੇਵਲ ਕੰਮ ਕਰਨ ਲਈ ਹੀ ਪੈਦਾ ਹੋਈ ਹੁੰਦੀ ਹੈ। ਕਈ ਵੇਰ ਉਸ ਨੂੰ ਖਾਣ ਪੀਣ ਦੀਆਂ ਮੁੱਕੀਆਂ ਚੀਜ਼ਾਂ ਆਪਣੀਆਂ ਗੁਆਂਢਣਾਂ ਤੋਂ ਉਧਾਰੀਆਂ ਲੈ ਕੇ ਗੁਜ਼ਾਰਾ ਕਰਨਾ ਪੈਂਦਾ ਹੈ ਤੇ ਆਦਮੀਆਂ ਨੂੰ ਕੋਈ ਖਬਰ ਤਕ ਨਹੀਂ ਹੁੰਦੀ।

ਤੀਜੇ ਪਹਿਰ ਦੀ ਚਾਹ ਦਾ ਗੰਗਾ ਸਾਗਰ (ਜੱਗ) ਬਾਹਰ ਖੇਤਾਂ ਵਿਚ ਭੇਜਣਾ ਰੋਜ਼ ਦਾ ਕੰਮ ਹੈ। ਸ਼ਾਮੀਂ ਮੱਝਾਂ-ਗਊਆਂ ਦੀਆਂ ਸੰਨ੍ਹੀਆਂ ਕਰਨੀਆਂ ਤੇ ਧਾਰ ਡੱਕੇ ਦਾ ਕੰਮ ਉਸ ਦੇ ਹੱਥ ਪਏ ਡੰਗਰਾਂ ਕਾਰਨ ਉਸ ਨੂੰ ਹੀ ਕਰਨਾ ਪੈਂਦਾ ਹੈ। ਸਿਆਣਿਆਂ ਦਾ ਕਥਨ ਵੀ ਸੱਚਾ ਹੈ ਕਿ ਘਰ ਦੀ ਬਰਕਤ ਤੀਵੀਂ ਨਾਲ ਹੀ ਹੈ। ਰਾਤ ਦੀ ਰੋਟੀ ਦਾ ਕੰਮ ਤੰਗ ਹਨੇਰੀਆਂ ਰਸੋਈਆਂ 'ਚ ਦੀਵੇ ਦੀ ਲਾਟ ਥੱਲੇ ਚਲਦਾ ਰਹਿੰਦਾ ਹੈ। ਖੁਸ਼ੀ ਦੀ ਗੱਲ ਹੈ ਕਿ ਬਿਜਲੀ ਦੇ ਚਾਨਣ ਨਾਲ ਉਸਦੇ ਜੀਵਨ ਵਿਚ ਸਹੂਲਤਾਂ ਆ ਰਹੀਆਂ ਹਨ। ਔਰਤ ਦੇ ਜੀਵਨ ਵਿਚ ਨਵੀਂ ਰੌਸ਼ਨੀ ਆਉਣੀ ਬਹੁਤ ਜ਼ਰੂਰੀ ਹੈ।

## ਤਰਸ ਦੀ ਪਾਤਰ

ਢੇਰ ਰਾਤ ਤਕ ਉਸਦੀ ਰਸੋਈ ਦੀ ਡਿਊਟੀ ਮੁੱਕਦੀ ਨਹੀਂ ਤੇ ਥੱਕੀ ਟੁੱਟੀ ਘਰ ਦੀ ਥੰਮ੍ਹੀ ਬਣ ਕੰਮ ਦੀ ਬੋਝਲ ਪੰਡ ਸਹਾਰਦੀ ਰਹਿੰਦੀ ਹੈ। ਦੂਜਿਆਂ ਲਈ ਸਹੂਲਤਾਂ ਪ੍ਰਦਾਨ ਕਰਦੀ ਔਰਤ ਆਪਣੀ ਰਸੋਈ ਅਤੇ ਗੁਸਲਖਾਨੇ ਦੀ ਦਿੱਕਤ ਕਾਰਨ ਤਰਸ ਦੀ ਪਾਤਰ ਬਣੀ ਰਹਿੰਦੀ ਹੈ। ਮੰਜਾ ਓੜਕੇ ਹੀ ਉਸ ਨੂੰ ਗੁਸਲਖਾਨੇ ਦਾ ਕੰਮ ਸਾਰਨਾ ਪੈਂਦਾ ਹੈ। ਦੂਜੇ ਪਾਸੇ ਅਮੀਰ ਸ੍ਰੇਣੀ ਦੀਆਂ ਖੁੱਲ੍ਹੀਆਂ ਡੁਲ੍ਹੀਆਂ ਸੰਗਮਰਮਰੀ ਕੋਠੀਆਂ ਦਾ ਜੀਵਨ ਉਸਦੇ ਸੁਪਨਿਆਂ ਦੀ ਦੁਨੀਆਂ ਤੋਂ ਪਰੇ ਦੀ ਗੱਲ ਹੈ। ਇਸ ਰਸੋਈ ਦੇ ਕੰਮ ਵਿਚ ਰੁੱਝੀ ਉਹ ਅਪਣੀ ਅਸਲੀ ਦੌਲਤ ਛੋਟੇ ਬੱਚਿਆਂ ਵੱਲ



ਤੱਤੀ ਤਵੀ ਤੇ ਪਕਾਵਾਂ ਰੋਟੀ,
ਭੱਤਾ ਲੈ ਕੇ ਖੇਤ ਪੁਜਣਾ ।

ਵੀ ਪੂਰਾ ਧਿਆਨ ਨਹੀਂ ਦੇ ਸਕਦੀ। ਉਸ ਦੇ ਖਾਣ, ਪੀਣ, ਪਹਿਨਣ, ਆਰਾਮ ਕਰਨ ਅਤੇ ਮਨੋਰੰਜਨ ਲਈ ਜਿਵੇਂ ਕੋਈ ਸਮਾਂ ਹੀ ਨਹੀਂ ਹੁੰਦਾ। ਤਵੇ ਦੇ ਤਪ ਨੂੰ ਕਿਓਟਦੀ ਹੋਈ ਉਹ ਗਾਰੇ ਮਿੱਟੀ ਦਾ ਕੰਮ, ਜਿਉਣ ਪਰੋਣ, ਕਸੀਦਾਕਾਰੀ, ਅਨਾਜ ਫੱਕਾ ਸਾਂਭਣ ਆਦਿ ਦਾ ਕੰਮ ਵੀ ਵਿਚੇ ਵਿਚ ਕਰਦੀ ਰਹਿੰਦੀ ਹੈ। ਇਜ ਪੁਰਾਣੀ ਕਹਾਵਤ ਅਨੁਸਾਰ ਉਹ ਆਪਣਾ ਘਰ ਸੂਈ ਨਾਲ ਬੰਨ੍ਹਦੀ ਰਹਿੰਦੀ ਹੈ। ਤਿੱਥ ਤਿਉਹਾਰ, ਵਿਆਹ-ਸ਼ਾਦੀਆਂ ਮੇਲੇ ਤੇ ਹੋਰ ਸਮਾਗਮ ਹੀ ਉਸਦੇ ਜੀਵਨ ਵਿਚ ਖੇੜਾ ਅਤੇ ਮਨੋਰੰਜਨ ਭਰਿਆ ਸਜ ਧਜ ਦਾ ਹੁਲਾਰਾ ਲਿਆਉਂਦੇ ਹਨ। ਇਹੋ ਕਾਰਨ ਹੈ ਕਿ ਸਾਡੇ ਬਹੁਤੇ ਲੋਕ-ਗੀਤਾਂ ਤੇ ਲੋਕ-ਨਾਚਾਂ ਦਾ ਅਸਲ ਸਭਿਆਚਾਰਕ-ਰੰਗ ਇਹਨਾਂ ਮੌਕਿਆਂ ਨਾਲ ਜੁੜਿਆ ਹੋਇਆ ਹੈ। ਪੜ੍ਹੀਆਂ ਲਿਖੀਆਂ ਨੌਕਰੀ ਕਰਦੀਆਂ ਔਰਤਾਂ ਲਈ ਰਸੋਈ ਦਾ ਕੰਮ ਅਤੇ ਡਿਊਟੀ ਦਾ ਕੰਮ ਹੋਰ ਵੀ ਮੁਸ਼ਕਲਾਂ ਭਰਿਆ ਹੈ। ਸੋ ਸਾਨੂੰ ਇਹ ਮੰਨਣਾ ਪਵੇਗਾ ਕਿ ਔਰਤ ਦੇ ਤਵੇ ਦੇ ਤਪ ਵਿਚ ਭਗਤੀ ਅਤੇ ਸ਼ਕਤੀ ਸਮੋਈ ਹੋਈ ਹੈ ਜਿਸ ਦੁਆਲੇ ਸਾਡੀ ਸੰਸ਼ਕ੍ਰਿਤੀ ਪਲਮਦੀ ਆ ਰਹੀ ਹੈ। ਅੱਜ ਦੇ ਯੁੱਗ ਵਿਚ ਉਸਦੇ ਜੀਵਨ ਨੂੰ ਸਹੂਲਤਾਂ ਉਪਲਬਧ ਹੋਣੀਆਂ ਬਹੁਤ ਜ਼ਰੂਰੀ ਹਨ।

# ਤਿਲ ਦੀ ਮਨੁੱਖੀ-ਜੀਵਨ ਸਾਂਝ

ਕਿਸੇ ਵਿਅਕਤੀ ਨਾਲ ਜੇ ਸਾਡੀ ਜਾਣ-ਪਛਾਣ ਨਾ ਹੋਵੇ ਤਾਂ ਅਸੀਂ ਦੂਜੇ ਨੂੰ ਝਟ ਕਹਿ ਦਿੰਦੇ ਹਾਂ ਕਿ ਮੇਰੀ ਤਾਂ ਉਸ ਵਿਅਕਤੀ ਨਾਲ ਤਿਲ ਜਿੰਨੀ ਵੀ ਸਾਂਝ ਨਹੀਂ। ਪਰ ਜੇਕਰ ਡੂੰਘੀ ਦ੍ਰਿਸ਼ਟੀ ਨਾਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਨਿੱਕੇ ਜਿਹੇ ਤਿਲ ਦੀ ਸਾਂਝ ਤਾਂ ਸਾਡੇ ਜੀਵਨ ਨਾਲ ਆਦਿ-ਕਾਲ ਤੋਂ ਜੁੜੀ ਹੋਈ ਹੈ।

ਹਿੰਦੂ ਧਰਮ ਦੇ ਰਿਸ਼ੀ ਮੁਨੀਆਂ ਨੇ ਤਿਲ ਨੂੰ ਬਹੁਤ ਪਵਿੱਤਰ ਅੰਨ (ਭੋਜਨ) ਮੰਨਿਆ ਹੈ। ਤਿਲਾਂ ਦਾ ਦਾਨ ਵੱਡਾ ਪੁੰਨ ਮੰਨਿਆ ਗਿਆ ਹੈ। ਕਈ ਰਿਸ਼ੀ ਤਿਲ ਤੇ ਮਿੱਠੇ ਨੂੰ ਕੁੱਟਕੇ ਤਿਆਰ ਕੀਤਾ ਭੋਜਨ 'ਤਿਲਵਾ' ਹੀ ਖਾਇਆ ਕਰਦੇ ਸਨ। ਹਵਨ ਕਰਨ ਸਮੇਂ ਵੀ ਹੋਰ ਸਮੱਗਰੀ ਦੇ ਨਾਲ ਤਿਲ ਅਗਨ ਭੇਂਟ ਕਰਨਾ ਚੰਗਾ ਸਮਝਿਆ ਜਾਂਦਾ ਸੀ। ਤਿਲਾਂ ਤੇ ਚੌਲਾਂ ਦੀ 'ਤਿਲਚੌਲੀ' ਅਜੇ ਵੀ ਕੀੜੀਆਂ ਨੂੰ ਪਾਉਣੀ ਪਹਾਂ-ਪੁੰਨ ਸਮਝੀ ਜਾਂਦੀ ਹੈ। ਕਹਿੰਦੇ ਨੇ ਕਿ ਇਕ ਰਾਜੇ ਦੀ ਸ਼ਾਹਜਾਦੀ ਨੇ ਇਕ ਵੇਰ ਵਿਆਹ

ਕਰਾਉਣ ਤੋਂ ਇਨਕਾਰ ਕਰ ਦਿੱਤਾ। ਜਦੋਂ ਰਾਜੇ ਨੇ ਆਪਣੀ ਲੜਕੀ ਨੂੰ ਬਾਰ ਬਾਰ ਕਿਹਾ ਤਾਂ ਉਸ ਸ਼ਾਹਜ਼ਾਦੀ ਨੇ ਇਕ ਸ਼ਰਤ ਰੱਖ ਦਿਤੀ ਕਿ ਜਿਹੜਾ ਸ਼ਾਹਜਾਦਾ ਖੇਤ 'ਚ ਖਿੰਡਾਏ ਸਵਾ ਮਣ ਤਿਲ ਇਕੱਠੇ ਕਰਨ ਦੀ ਸ਼ਰਤ ਜਿੱਤੇਗਾ ਉਸ ਨਾਲ ਹੀ ਵਿਆਹ ਕਰਵਾਇਆ ਜਾਵੇਗਾ। ਰਾਜੇ ਨੇ ਸਵੰਬਰ ਰਚਾਉਣ ਲਈ ਦੂਰ ਨੇੜੇ ਦੇ ਰਾਜਿਆਂ, ਮਹਾਰਾਜਿਆਂ ਤੇ ਸ਼ਾਹਜਾਦਿਆਂ ਨੂੰ ਸੱਦਾ ਦੇ ਦਿੱਤਾ।

ਉਸ ਸਵੰਬਰ ਵਿਚ ਬੀਰ ਬਿਕ੍ਰਮਾਜੀਤ ਨਾਂ ਦਾ ਇਕ ਰਾਜਾ ਵੀ ਸ਼ਰਤ ਜਿੱਤਣ ਲਈ ਆ ਸ਼ਾਮਿਲ ਹੋਇਆ। ਕੋਈ ਵੀ ਸ਼ਰਤ ਪੂਰੀ ਨਾ ਕਰ ਸਕਿਆ। ਆਖਿਰ ਬੀਰ ਬਿਕ੍ਰਮਾਜੀਤ ਦੇ ਪੈਰ ਤੇ ਇਕ ਕੀੜੀ ਚੜ੍ਹ ਗਈ। ਉਸ ਨੂੰ ਝੱਟ ਉਹ ਘਟਨਾ ਚੇਤੇ ਆ ਗਈ ਜਦੋਂ ਉਸ ਨੇ ਦਰਿਆ 'ਚ ਇਕ ਕੀੜੀ ਨੂੰ ਰੁੜ੍ਹਨ ਤੋਂ ਇਕ ਪੱਤਾ ਸੁੱਟ ਕੇ ਬਚਾਇਆ ਸੀ ਤੇ ਕੀੜੀ ਨੇ ਇਸ ਉਪਕਾਰ ਲਈ ਰਾਜੇ ਨੂੰ ਕਦੇ ਮੁਸ਼ਕਿਲ ਸਮੇਂ ਯਾਦ ਕਰਨ ਲਈ ਅਰਜੋਈ ਕੀਤੀ ਸੀ। ਤੁਰੰਤ ਬੀਰ ਬਿਕ੍ਰਮਾਜੀਤ ਨੂੰ ਸਵੰਬਰ ਦੀ ਸ਼ਰਤ ਜਿੱਤਣ ਲਈ ਉਸ ਕੀੜੀ ਦੀ ਆਖੀ ਗੱਲ ਯਾਦ ਆ ਗਈ। ਉਹ ਕੀੜੀ ਆ ਹਾਜ਼ਰ ਹੋਈ ਤੇ ਉਸ ਨੇ ਅਣਗਿਣਤ ਕੀੜੀਆਂ ਦੀ ਸਹਾਇਤਾ ਨਾਲ ਖੇਤ ਚੋਂ ਖਿੰਡੇ ਹੋਏ ਤਿਲ ਇਕੱਠੇ ਕਰ ਦਿੱਤੇ ਤੇ ਉਹ ਸਵੰਬਰ ਦੀ ਰਸਮ ਜਿੱਤ ਗਿਆ। ਉਦੋਂ ਇਹ ਬੁਝਾਰਤ ਬਣ ਗਈ :—

ਦਲ ਵੀ ਹੈ, ਬਲ ਵੀ ਹੈ
ਬੜਾ ਭਾਰੀ ਬਜ਼ਾਰ ਹੈ
ਪਰ ਖੜਾਕ ਨਹੀਂ ਹੈ।

ਕਿਹਾ ਜਾਂਦਾ ਹੈ ਕਿ ਉਦੋਂ ਤੋਂ ਕੀੜੀਆਂ ਨੂੰ ਤਿਲਚੌਲੀ ਪਾਉਣ ਦਾ ਪੁੰਨ ਦਾਨ ਅਰੰਭ ਹੋਇਆ ਜੋ ਅਜੇ ਵੀ ਕਈ ਔਰਤਾਂ ਕਰਦੀਆਂ ਹਨ। ਤਿਲਾਂ

ਦੀ ਚੋਰੀ ਕਰਨੀ ਅਜੇ ਵੀ ਬੜੀ ਭੈੜੀ ਸਮਝੀ ਜਾਂਦੀ ਹੈ ਤੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਤਿਲ ਚੋਰੀ ਕਰਨ ਵਾਲੇ ਦੇ ਅਗਲੇ ਜਨਮ ਵਿਚ ਸਰੀਰ ਉੱਤੇ ਕਾਲੇ ਤਿਲਾਂ ਦੇ ਨਿਸ਼ਾਨ ਬਣਨਗੇ।

ਹੁਣ ਭਾਂਵੇਂ ਤਿਲਾਂਜਲੀ (ਤਿਲ+ਜਲ) ਸ਼ਬਦ ਦੇ ਅਰਥ ਤਿਆਗ ਜਾਂ ਛੱਡ ਦੇਣਾ ਲਏ ਜਾਂਦੇ ਹਨ ਪ੍ਰੰਤੂ ਇਸ ਸ਼ਬਦ ਦਾ ਮੂਲ—ਸੰਮਾ ਹਿੰਦੂਆਂ ਦੀ ਉਸ ਰੀਤ ਨਾਲ ਹੈ ਜਦੋਂ ਮੁਰਦਾ ਜਲਾਉਣ ਪਿਛੋਂ ਪਾਣੀ 'ਚ ਤਿਲ ਮਿਲਾਕੇ ਚੂਲੀ ਵੱਜੋਂ ਤਿਲਾਂਜਲੀ ਦਿਤੀ ਜਾਂਦੀ ਹੈ ਤੇ ਇਹ ਨਿਸ਼ਚਾ ਕੀਤਾ ਜਾਂਦਾ ਹੈ ਕਿ ਮੋਏ ਹੋਏ ਜੀਵ ਨੂੰ ਇਹ ਪਾਣੀ ਪ੍ਰਾਪਤ ਹੁੰਦਾ ਹੈ। ਪੁਰਾਣੇ ਸਮਿਆਂ ਤੋਂ ਤਿਲ ਤੋਂ ਤਿਲਕ ਲਾਉਣ ਦੀ ਸ਼ੁਭ ਰਸਮ ਚਾਲੂ ਹੋਈ ਇਸਦਾ ਇਹ ਅਰਥ ਹੁੰਦਾ ਸੀ ਕਿ ਤਿਲਕ ਲਾਏ ਜਾ ਰਹੇ ਵਿਅਕਤੀ ਦੀ ਸ਼ੋਭਾ ਤੇ ਪ੍ਰਤਿਭਾ ਤਿਲ ਦੇ ਫੁੱਲਾਂ ਵਾਂਗ ਖਿੜਦੀ ਰਹੇ।

ਰੋਜ਼ਾਨਾ ਬੋਲ ਚਾਲ ਵਿਚ ਅਸੀਂ ਤਿਲ ਨਾਲ ਸਬੰਧਤ ਕਿੰਨੇ ਹੀ ਮੁਹਾਵਰੇ ਆਮ ਵਰਤਦੇ ਰਹਿੰਦੇ ਹਾਂ ਜਿਵੇਂ ਤਿਲ ਮਾਤਰ, ਤਿਲ ਧਰਨ ਨੂੰ ਥਾਂ ਨਹੀਂ, ਇਹਨਾਂ ਤਿਲਾਂ 'ਚ ਤੇਲ ਨਹੀਂ, ਤਿਲ ਭਰ ਜਿੰਨਾਂ ਤੇ ਤਿਲ ਵੀ ਵੰਡ ਲਈਦਾ ਹੈ ਆਦਿ। ਇੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ ਇਕ ਸਾਖੀ ਦਾ ਵਰਨਣ ਕਰਨਾ ਜਰੂਰੀ ਹੈ। ਜਦੋਂ ਗੁਰੂ ਜੀ ਘੁੰਮਦੇ ਘੁਮਾਂਦੇ ਮਦਰਾਸ ਦੇ ਇਲਾਕੇ ਸਮੁੰਦਰ ਦੇ ਕਿਨਾਰੇ ਤਿਲਮੰਜੀ ਨਾਂ ਦੇ ਅਸਥਾਨ 'ਤੇ ਪੁੱਜੇ ਤਾਂ ਉਥੋਂ ਦੇ ਸਿੱਧਾਂ ਨੇ ਗੁਰੂ ਜੀ ਦੇ ਵੰਡ ਛੱਕਣ ਦੇ ਉਪਦੇਸ਼ ਨੂੰ ਪਰਖਣ ਲਈ ਗੁਰੂ ਜੀ ਨੂੰ ਇਕ ਤਿਲ ਭੇਟ ਕੀਤਾ ਤੇ ਇਸਨੂੰ ਵੰਡਣ ਦੀ ਪ੍ਰੀਖਿਆ ਲਿੱਤੀ। ਗੁਰੂ ਜੀ ਨੇ ਤਿਲ ਘੋਟਕੇ ਜਲ ਵਿਚ ਮਿਲਾ ਦਿੱਤਾ ਤੇ ਉਹ ਜਲ ਸਭ ਨੂੰ ਵੰਡ ਦਿੱਤਾ। ਸਿੱਧ ਗੁਰੂ ਜੀ ਦੀ ਵਿਦਵਤਾ ਅੱਗੇ ਸ਼ਰਮਿੰਦੇ ਹੋ ਗਏ। ਤਿਲਮੰਜੀ ਥਾਂ ਤੇ ਅਜੇ ਵੀ ਗੁਰੂ ਜੀ ਦੀ ਇਸ ਫੇਰੀ

ਦੀ ਪਵਿੱਤਰ ਯਾਦ ਵਿਚ ਗੁਰਦੁਆਰਾ ਸਥਿੱਤ ਦੱਸਿਆ ਜਾਂਦਾ ਹੈ ।

ਗੁਰਬਾਣੀ ਵਿਚ ਤਾਂ ਬਹੁਤ ਥਾਂਈ ਮਨੁੱਖ ਨੂੰ ਤਿਲ ਰਾਹੀਂ ਸੰਕੇਤ ਦੇ ਕੇ ਸਿੱਖਿਆ ਦੀਆਂ ਕਈ ਕਿਸਮ ਦੀਆਂ ਉਦਾਹਰਣਾਂ ਮਿਲਦੀਆਂ ਹਨ :

ਤੀਰਥ ਤਪੁ ਦਇਆ ਦਤੁ ਦਾਨੁ ॥
ਜੇ ਕੋ ਪਾਵੈ ਤਿਲ ਕਾ ਮਾਨੁ ॥ (ਜਪੁਜੀ)

---

ਫਰੀਦਾ ਜੇ ਜਾਣਾ ਤਿਲ ਥੋੜੜੇ, ਸਮਲਿ ਬੁਕੁ ਭਰੀ ॥
ਜੇ ਜਾਣਾ ਸਹੁ ਨਢੜਾ ਤਾਂ ਥੋੜਾ ਮਾਣੁ ਕਰੀ ॥ (ਸ਼ਲੋਕ ਫਰੀਦ ਜੀ)

---

ਸੰਤ ਕਾ ਦੋਖੀ ਛੁਟੈ ਇਕੇਲਾ ॥
ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ ॥ (ਸੁਖਮਨੀ)

---

ਪੰਜਾਬ ਦਾ ਕਿਸਾਨ ਤਿਲ ਦੀ ਖੇਤੀ ਬੜੇ ਚਾਅ ਨਾਲ ਕਰਦਾ ਹੈ । ਉਹ ਮੂੰਗਫਲੀ, ਮਾਂਹ ਤੇ ਮੋਠ ਆਦਿ ਦੀਆਂ ਫਸਲਾਂ ਬੀਜਣ ਸਮੇਂ ਤਿਲਾਂ ਦੇ ਸਿਆੜ ਬੀਜਕੇ ਆਪਣੇ ਖੇਤਾਂ 'ਚ ਸੁਹਜ ਤੇ ਸੁੰਦਰਤਾ ਦੇ ਨਾਲ ਨਾਲ ਤਿਲਾਂ ਦੀ ਕੀਮਤੀ ਉਪਜ ਵੀ ਪ੍ਰਾਪਤ ਕਰਦਾ ਹੈ । ਫਸਲ ਪੱਕਣ ਸਮੇਂ ਤਿਲਾਂ ਨੂੰ ਵੱਢਕੇ ਸੱਲਰੇ ਜਾਂ ਤਿਲਛੰਡੇ (ਤਿਲਾਂ ਦੇ ਪੂਲੇ) ਖਲਵਾੜੇ ਵਿਚ ਲਾ ਦਿੱਤੇ ਜਾਂਦੇ ਹਨ। ਕੁਝ ਦਿਨਾਂ ਬਾਅਦ ਸੁੱਕੇ ਤਿਲਛਡਿਆਂ ਨੂੰ ਝਾੜਿਆ ਜਾਂਦਾ ਹੈ । ਧਰਤੀ ਤੇ ਕੱਪੜਾ (ਖੇਸ, ਪੱਲੀ ਜਾਂ ਤਰਪਾਲ ਆਦਿ) ਵਿਛਾ ਲਿਆ ਜਾਂਦਾ ਹੈ ਇਕ ਜਣਾ ਤਿਲਛੜਾ ਜੜ੍ਹਾਂ ਵਾਲੇ ਪਾਸੇ ਤੋਂ ਫੜ ਲੈਂਦਾ ਹੈ ਤੇ ਦੂਜਾ ਬੰਦਾ ਹੱਥ ਮਾਰ ਮਾਰ ਕੇ ਤਿਲ ਝਾੜਦਾ ਰਹਿੰਦਾ ਹੈ ਤੇ ਘੋਂਡਲੀਆਂ' ਚੋਂ ਤਿਲ ਥੱਲੇ ਕਿਰਦੇ ਰਹਿੰਦੇ ਹਨ, ਤਿਲਾਂ ਦੀ ਥੱਲੇ ਢੇਰੀ ਲਗਦੀ ਰਹਿੰਦੀ ਹੈ। ਇੰਜ ਉਹੀ ਤਿਲਛੰਡੇ ਕੁਝ ਦਿਨਾਂ ਬਾਅਦ ਦੂਜੀ ਜਾਂ ਤੀਜੀ ਵਾਰ ਫੇਰ ਝਾੜੇ ਜਾਂਦੇ ਹਨ ਤਾਂ ਜੋ ਘੋਂਡਲੀਆਂ ਚੋਂ ਸਾਰੇ ਤਿਲ ਸੁੱਕਕੇ ਚੰਗੀ ਤਰਾਂ ਕੱਢ ਲਏ ਜਾਣ । ਖਾਲੀ ਬਿਆੜਾਂ (ਤਿਲਾਨੀਆਂ) ਦੀ ਛਣਕ ਪੰਜਾਬਣ ਦੀਆਂ ਪੰਜੇਬਾਂ

ਵਾਂਗ ਛਣ ਛਣ ਕਰਦੀ ਰਹਿੰਦੀ ਹੈ। ਝਾੜੇ ਹੋਏ ਤਿਲਛੰਡੇ (ਸਲਰੇ) ਇੰਨਣ ਵੱਜੋਂ ਪੇਂਡੂ ਸੁਆਣੀ ਵਰਤਦੀ ਰਹਿੰਦੀ ਹੈ।

ਹੋਰ ਬੀਜਾਂ ਦੇ ਤੇਲਾਂ ਵਾਂਗ ਤਿਲਾਂ ਦਾ ਤੇਲ ਵੀ ਬਹੁਤ ਗੁਣਕਾਰੀ ਹੈ। ਬਹੁਤ ਸਾਰੀਆਂ ਦਵਾਈਆਂ ਵਿਚ ਇਸਦੀ ਵਰਤੋਂ ਕੀਤੀ ਜਾਂਦੀ ਹੈ। ਕਈ ਥਾਂ ਇਸਦੀ ਮਾਲਿਸ਼ ਕਰਨ ਲਈ ਵਰਤੋਂ ਕੀਤੀ ਜਾਂਦੀ ਹੈ। ਸਾਡੇ ਭੋਜਨ ਦੇ ਪਦਾਰਥਾਂ ਵਿਚ ਵੀ ਇਸਦਾ ਸੇਵਨ ਕੀਤਾ ਜਾਂਦਾ ਹੈ। ਲੋਹੜੀ ਦੇ ਤਿਉਹਾਰ ਸਮੇਂ ਪਿੰਡਾਂ 'ਚ ਤਿਲਾਂ ਤੋਂ ਤਲੋਏ (ਤਲੂਏ) ਬਣਾਕੇ ਖਾਏ ਜਾਂਦੇ ਹਨ। ਸ਼ਹਿਰਾਂ 'ਚ ਤਿਲਾਂ ਦੀਆਂ ਰਿਓੜੀਆਂ, ਭੁੱਗਾ, ਗੱਚਕ ਤੇ ਪਾਪੜੀਆਂ ਆਦਿ ਦੀ ਬੜੀ ਵਿਕਰੀ ਹੁੰਦੀ ਹੈ। ਰਾਤ ਨੂੰ ਲੋਹੜੀ ਬਾਲਕੇ ਤਿਲਾਂ ਨਾਲ ਮੱਥਾ ਟੇਕਿਆ ਜਾਂਦਾ ਹੈ। ਤਿਲ ਜਲਾਉਣ ਦੀ ਰਸਮ ਨੂੰ ਚੰਗਾ ਸਮਝਿਆ ਜਾਂਦਾ ਹੈ। ਅੱਗ 'ਚ ਤਿਲਾਂ ਦੀ ਤਿੜਕ ਤਿੜਕ ਹੁੰਦੀ ਰਹਿੰਦੀ ਹੈ ਤੇ ਇਹ ਗੀਤ ਗਾਇਆ ਜਾਂਦਾ ਹੈ :—

ਉੱਦਮ ਆਏ ਦਲਿੱਦਰ ਜਾਏ,
ਦਲਿੱਦਰ ਦੀ ਜੜ ਚੁਲ੍ਹੇ ਪਾਏ।

ਆਮ ਲੋਕ-ਜੀਵਨ 'ਚ ਸਰੀਰ ਦੇ ਕਈ ਅੰਗਾਂ ਤੇ ਵੱਖ ਵੱਖ ਥਾਈਂ ਕਾਲੇ ਨਿਸ਼ਾਨਾਂ ਨੂੰ ਤਿਲ ਕਿਹਾ ਜਾਂਦਾ ਹੈ ਜਿਨ੍ਹਾਂ ਬਾਰੇ ਕਈ ਸ਼ੁਭ ਅਤੇ ਅਸ਼ੁਭ ਵਿਸ਼ਵਾਸ ਜੁੜੇ ਹੋਏ ਹਨ। ਸਾਡੇ ਲੋਕ—ਗੀਤਾਂ ਵਿਚ ਕਾਲਾ ਤਿਲ ਗੋਰੇ ਪਿੰਡੇ ਉਤੇ ਸੁੰਦਰਤਾ ਦੀ ਖਿੱਚ ਦਾ ਪ੍ਰਤੀਕ ਕਰਕੇ ਵਰਤਿਆ ਗਿਆ ਹੈ ਜਿਵੇਂ :

ਗੋਰੇ ਗੋਰੇ ਮੁਖੜੇ ਤੇ ਕਾਲਾ ਕਾਲਾ ਤਿਲ ਵੇ,
ਸਾਡਾ ਤੇਰੇ ਉੱਤੇ,ਡੁਲ ਗਿਆ ਦਿਲ ਵੇ।

ਕਾਲਾ ਤਿਲ ਨਾ ਲੁਕਾਇਆ ਲੁਕਦਾ,
ਮੁੰਡਿਆਂ ਦੀ ਨਜ਼ਰ ਬੁਰੀ ।

ਹੱਥ ਸੋਹਣੀ ਤੇ ਤਿਲ ਮਾਹੀਆ
ਲੋਕਾਂ ਦੀਆਂ ਰੋਣ ਅੱਖੀਆਂ,
ਸਾਡਾ ਰੋਂਦਾ ਏ ਦਿਲ ਮਾਹੀਆ ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਨਿੱਕੇ ਜਿਹੇ ਤਿਲ ਦੀ ਆਦਿ-ਕਾਲ ਤੋਂ ਜੁੜੀ ਹੋਈ ਮਨੁੱਖੀ-ਸਾਂਝ ਅੱਜ ਵੀ ਬੜੀ ਡੂੰਘੇਰੀ ਤਰ੍ਹਾਂ, ਨਾਲ ਓਤ-ਪੋਤ ਹੈ ।

# ਦਿਵਾਲੀ ਤੇ ਪੇਂਡੂ ਘਰਾਂ ਦੀ ਸਜਾਵਟ

ਦਿਵਾਲੀ ਤੇ ਹਰ ਪੇਂਡੂ ਸੁਆਣੀ ਆਪਣੇ ਘਰ ਨੂੰ ਇਕ ਦੂਜੇ ਤੋਂ ਵੱਧ ਸਾਫ ਸੁਥਰਾ ਤੇ ਸਜਿਆ ਧਜਿਆ ਬਨਾਉਣ ਦੀ ਇੱਛਾ ਰੱਖਦੀ ਹੈ। ਦਿਵਾਲੀ ਵਾਲੇ ਦਿਨ ਤੋਂ ਲਗਭਗ ਦੋ ਹਫਤੇ ਪਹਿਲਾਂ ਉਹ ਆਪਣੇ ਘਰ ਦੀ ਸਫਾਈ ਤੇ ਸਜਾਵਟ ਦੇ ਕੰਮਾਂ ਵਿਚ ਜੁਟ ਜਾਂਦੀ ਹੈ। ਪਿੰਡਾਂ ਵਿਚ ਅਜੇ ਬਹੁਤੇ ਮਕਾਨ ਕੱਚੇ, ਕੁਝ ਅੱਧੇ ਕੱਚੇ ਅੱਧੇ ਪੱਕੇ ਤੇ ਥੋੜੇ ਪੱਕੇ ਹਨ। ਬਰਸਾਤ ਤੋਂ ਬਾਅਦ ਮਕਾਨਾਂ ਦੀ ਮੁਰੰਮਤ ਕਰਨੀ ਜਰੂਰੀ ਹੋ ਜਾਂਦੀ ਹੈ। ਆਰਥਿਕ ਹਾਲਤ ਤਰਸਯੋਗ ਹੋਣ ਕਾਰਨ ਘਰਾਂ ਦੀ ਗਾਰੇ ਮਿੱਟੀ ਦੀ ਮੁਰੰਮਤ ਔਰਤਾਂ ਨੂੰ ਹੀ ਕਰਨੀ ਪੈਂਦੀ ਹੈ। ਦੂਜੇ ਮਜ਼ਦੂਰ ਤੇ ਮਿਸਤਰੀ ਇਹਨਾਂ ਦਿਨਾਂ ਵਿਚ ਕੰਮ ਦੀ ਬਹੁਲਤਾ ਕਾਰਨ ਨਹੀਂ ਮਿਲਦੇ। ਪਿੰਡਾਂ ਦੀਆ ਕੁੜੀਆਂ ਤੇ ਔਰਤਾਂ ਸਿਰਾਂ ਤੇ ਇੰਨੂਏ ਰੱਖ ਉਤੇ ਟੋਕਰੀਆਂ ਜਾਂ ਤਸਲੇ ਲੈ ਕੂੰਜਾਂ ਦੀ ਡਾਰ ਵਾਂਗ ਘਰੋਂ ਚਿਕਣੀ ਮਿੱਟੀ ਲੈਣ ਤੁਰ ਪੈਂਦੀਆਂ ਹਨ। ਇਹਨਾਂ ਦੇ ਹੱਥਾਂ ਵਿਚ ਖੁਰਪੇ ਜਾਂ ਕਹੋਲੀਆਂ ਮਿੱਟੀ ਪੁਟਣ ਲਈ ਹੁੰਦੀਆਂ ਹਨ। ਘਰੋਂ ਦੂਰ

ਮਠਿਆਿਨਿਆਂ ਤੋਂ ਮਿੱਟੀ ਲਿਆਉਣੀ ਇਹਨਾਂ ਲਈ ਬੜੀ ਦਿਲਚਸਪੀ ਵਾਲੀ ਗੱਲ ਹੁੰਦੀ ਹੈ। ਇਹਨਾਂ ਟੋਲੀਆਂ ਵਿਚ ਪਿੰਡ ਦੇ ਭੋਲੇ ਹੁਸਨ ਅਤੇ ਕਿਰਤੀ ਹਥਾਂ ਦੀ ਅਸਲ ਤਸਵੀਰ ਵੇਖੀ ਜਾ ਸਕਦੀ ਹੈ। ਟੱਭੇ ਜਾਂ ਛੱਪ-ੜੀਆਂ ਤੋਂ ਵੀ ਗਾਰਾ ਜਾਂ ਮਿੱਟੀ ਢੋਈ ਜਾਂਦੀ ਹੈ।

ਫਿਰ ਗਾਰੇ ਮਿੱਟੀ ਵਿਚ ਤੂੜੀ ਦਾ ਮਲਣ ਪਾਕੇ ਘਾਣ ਤਿਆਰ ਕਰ ਲਿਆ ਜਾਂਦਾ ਹੈ। ਇਸ ਮਲਵੇਂ ਗਾਰੇ ਨਾਲ ਕੰਧਾਂ, ਕੋਠੇ ਤੇ ਬਨੇਰੇ ਲਿਪੇ ਜਾਂਦੇ ਹਨ। ਡੰਗਰਾਂ ਦੀਆਂ ਢੱਠੀਆਂ ਖੁਰਲੀਆਂ ਲਿਪੀਆਂ ਪੋਚੀਆਂ ਜਾਂਦੀਆਂ ਹਨ। ਦੀਵੇ ਧਰਨ ਲਈ ਕੰਧਾਂ ਨਾਲ ਮਿਆਲੀਆਂ ਜਾਂ ਆਲੇ ਆਲੀਆਂ ਲ ਈਆਂ ਜਾਂਦੀਆਂ ਹਨ। ਘਰ ਦੇ ਓਟੀਏ, ਟਾਂਡਾਂ, ਪੀੜ੍ਹੇ ਤੇ ਮਿੱਟੀ ਦੇ ਮੱਟ, ਮੱਟੀਆਂ, ਭੜੋਲੇ, ਭੜੋਲੀਆਂ, ਹਾਰੇ ਅਤੇ ਚੁਲ੍ਹਿਆਂ ਨੂੰ ਗਾਰੇ ਮਿੱਟੀ ਨਾਲ ਸਵਾਰਿਆ ਜਾਂਦਾ ਹੈ। ਪੇਂਡੂ ਔਰਤ ਦਾ ਮਿੱਟੀ ਦਾ ਇਹ ਹੁਨਰ ਬੜਾ ਦਿਲ-ਖਿੱਚਵਾ ਹੁੰਦਾ ਹੈ। ਇਹਨਾਂ ਚੀਜ਼ਾਂ ਤੇ ਬਣਾਏ ਕਿੰਗਰੇ, ਬਾਰੀਆਂ, ਆਲੇ ਮੋਰੀਆਂ ਤੇ ਰਖਨੇ ਜਿਵੇਂ ਘਰ ਆਏ ਮਹਿਮਾਨ ਨੂੰ ਜੀ ਆਇਆਂ ਕਹਿੰਦੇ ਹੋਣ। ਇਹਨਾਂ ਉਤੇ ਪੰਛੀਆਂ ਤੇ ਜਾਨਵਰਾਂ ਦੇ ਸਿਰਜੇ ਚਿੱਤਰ ਪੇਂਡੂ ਸਭਿਆਚਾਰ ਦੀ ਪ੍ਰਦਰਸ਼ਨੀ ਦੀ ਝਲਕੀ ਪੇਸ਼ ਕਰਦੇ ਹਨ। ਕਿਤੇ ਕਿਤੇ ਵਿਚ ਸ਼ੀਸ਼ੇ ਢੇ ਟੁਕੜੇ ਜੜ ਦਿੱਤੇ ਜਾਂਦੇ ਹਨ। ਫਿਰ ਇਹਨਾਂ ਨੂੰ ਲਾਲ ਮਿੱਟੀ ਜਾਂ ਪਾਂਡੂ ਮਿੱਟੀ ਵਿਚ ਰੰਗ ਘੋਲਕੇ ਲਿੱਪਿਆ ਜਾਂਦਾ ਹੈ। ਪਾਂਡੂ ਤੇ ਚੀਕਣੀ ਲਾਲ ਮਿੱਟੀ ਫੇਰੀ ਵਾਲੇ ਘੁਮਿਆਰਾਂ ਤੋਂ ਔਰਤਾਂ ਦਾਣਿਆਂ ਦੇ ਬਦਲੇ ਖਰੀਦ ਲੈਂਦੀਆਂ ਹਨ। ਕੰਧਾਂ ਨੂੰ ਕੱਪੜੇ ਦੀ ਲੀਰ ਦਾ ਪਰੋਲਾ ਬਣਾਕੇ ਪੋਚਾ ਦਿੱਤਾ ਜਾਂਦਾ ਹੈ। ਫਲ੍ਹੇ (ਛੋਟੀ ਪੌੜੀ) ਤੇ ਚੜ੍ਹੀ ਮੁਟਿਆਰ ਨੂੰ ਥੱਲੇ ਖੜ੍ਹੀ ਉਸਦੀ ਸਾਥਣ ਪਰੋਲੇ ਭਰ ਭਰ ਕੇ ਫੜਾਉਂਦੀ ਹੈ। ਪੋਚੇ ਦੀਆਂ ਧਰਾਲਾਂ ਉਸ ਦੇ ਕੱਪੜਿਆਂ ਨੂੰ ਗੱਚ ਕਰਦੀਆਂ ਉਸ ਦੇ ਅੰਗਾਂ ਪੈਰਾਂ ਥੀਂ ਨੁਚੜ ਜਾਂਦੀਆਂ ਹਨ ਪਰ ਉਸਦਾ ਹੱਸੂ ਹੱਸੂ ਕਰਦਾ ਦਿਹਰਾ ਮਿੱਟੀ ਵਿਚ ਖੁਸ਼ਬੋਦੀ

ਘੋਲ ਦਿੰਦਾ ਹੈ ਪਰ ਦਿਨ ਭਰ ਦੇ ਕੰਮ ਤੋਂ ਅੱਕੀ ਥੱਕੀ ਮੁਟਿਆਰ ਦਾ ਦਿਲੋਂ ਆਪਣੀ ਹਸਰਤ ਦੀ ਪੂਰਤੀ ਲਈ ਇਹ ਲੋਕ-ਗੀਤ ਸੁਭਾਵਕ ਹੀ ਨਿਕਲ ਜਾਂਦਾ ਹੈ :—

ਉਹ ਘਰ ਟੋਲੀਂ ਬਾਬਲਾ,
ਜਿਥੇ ਲਿੱਪਣੇ ਨਾਂ ਪੈਣ ਬਨੇਰੇ ।

ਕੰਧਾਂ ਦੇ ਹੇਠਲੇ ਹਿੱਸੇ ਤੇ ਵੱਖਰੇ ਵੱਖਰੇ ਰੰਗਾਂ ਦੀਆਂ ਤੋਈਆਂ ਕੱਢੀਆਂ ਜਾਦੀਆਂ ਹਨ। ਕੰਧਾਂ ਉਤੇ ਬੇਲ ਬੂਟੇ ਪਾਏ ਜਾਂਦੇ ਹਨ। ਮੋਰ, ਤੋਤੇ, ਚਿੜੀਆਂ ਤੇ ਹੋਰ ਪੰਛੀਆਂ ਤੇ ਜਾਨਵਰਾਂ ਦੇ ਕੰਧ ਚਿੱਤਰ ਪੇਂਡੂ ਔਰਤ ਦੀਆਂ ਮਜਬੂਰੀਆਂ, ਉਮੰਗਾਂ ਤੇ ਰੀਝਾਂ ਦੀਆਂ ਮੂੰਹ ਬੋਲਦੀਆ ਤਸਵੀਰਾਂ ਜਾਪਦੀਆਂ ਹਨ । ਕੁੜੀਆਂ ਚਿੜੀਆਂ ਦਾ ਇਹ ਲੋਕ ਗੀਤ ਜੁਆਨ ਹੋ ਰਹੀ ਮੁਟਿਆਰ ਦੀਆਂ ਬੁਲ੍ਹੀਆਂ 'ਚੋ ਅਛੋਪਲੇ ਹੀ ਨਿਕਲ ਜਾਂਦਾ ਹੈ ਜਿਸ ਵਿਚ ਮੋਹ ਭਰੀ ਵੇਦਨਾ ਹੈ :—

ਅਸਾਂ ਚਿੜੀਆਂ ਦਾ ਚੰਬਾ, ਵੇ ਬਾਬਲ
ਅਸਾਂ ਉਡ ਵੇ ਜਾਣਾ ।

ਘਰਾਂ ਨੂੰ ਗੋਹੇ ਮਿੱਟੀ ਦੇ ਘੋਲ ਨਾਲ ਥੱਲਿਓਂ ਲਿੱਪਿਆ ਜਾਂਦਾ ਹੈ। ਇਸ ਗਾਰੇ ਮਿੱਟੀ ਦੇ ਕੰਮ ਲਈ ਕਈ ਸੁਆਣੀਆਂ ਆਂਢਣਾਂ-ਗੁਆਂਢਣਾਂ ਤੇ ਕੰਮੀਂ ਔਰਤਾਂ ਦੀ ਸਹਾਇਤਾ ਵੀ ਲੈ ਲੈਂਦੀਆਂ ਹਨ। ਦਰਵਾਜ਼ਿਆਂ, ਖਿੜਕੀਆਂ, ਸੰਦੂਕਾਂ, ਪੇਟੀਆਂ, ਡੋਲੀਆਂ, ਅਲਮਾਰੀਆਂ ਤੇ ਹੋਰ ਲੱਕੜ ਦੇ ਸਾਮਾਨ ਨੂੰ ਧੋ ਸਆਰਕੇ ਸਰੋਂ ਦਾ ਤੇਲ, ਹਿਰਮਚੀ ਤੇ ਪੇਂਟ (ਰੰਗ ਰੋਗਨ) ਨਾਲ ਚਮਕਾਇਆ ਜਾਂਦਾ ਹੈ। ਘਰ ਦੇ ਹਰ ਖੂੰਜੇ ਦੀ ਸਫਾਈ ਕਰੀ ਜਾਂਦੀ ਹੈ ਤੇ ਫਾਲਤੂ ਕਬਾੜ, ਅਰਲਮ-ਪਰਲਮ ਤੇ ਟੁਟੀਆਂ ਭੱਜੀਆਂ ਚੀਜ਼ਾਂ ਬਾਹਰ ਸੁਟ ਦਿੱਤੀਆਂ ਜਾਂਦੀਆਂ ਹਨ। ਪੁਰਾਣੇ ਪਿੱਤਲ ਦੇ ਟੁਟੇ ਭੱਜੇ ਭਾਂਡਿਆਂ ਨੂੰ

ਵਟਾਕੇ ਨਵੇਂ ਖਰੀਦੇ ਜਾਂਦੇ ਹਨ। ਨਵਾਂ ਭਾਂਡਾ ਖਰੀਦਣਾ ਚੰਗਾ ਸਮਝਿਆ ਜਾਂਦਾ ਹੈ । ਰਸੋਈ ਵਿਚ ਭਾਂਡੇ ਮਾਂਜ ਕੂਚ ਕੇ ਟਾਡਾਂ ਤੇ ਪੀੜ੍ਹਿਆਂ ਉਤੇ ਬੜੇ ਸਲੀਕੇ ਨਾਲ ਟਿਕਾਏ ਜਾਂਦੇ ਹਨ । ਪੱਕੇ ਮਕਾਨਾਂ ਨੂੰ ਸਫੇਦੀ ਤੇ ਪੀਲੀ ਮਿੱਟੀ ਦਾ ਉਦਮ ਵੀ ਔਰਤਾਂ ਕਰਦੀਆਂ ਦੇਖੀਆਂ ਜਾ ਸਕਦੀਆਂ ਹਨ। ਅਣਜਾਣ ਔਰਤਾਂ ਦੇ ਕਈ ਵਾਰ ਸਫੇਦੀ ਨਾਲ ਹੱਥ ਪਾਟ ਜਾਂਦੇ ਹਨ ਪ੍ਰੰਤੂ ਇਸ ਪੀੜ ਨੂੰ ਉਹ ਹਾਸੇ ਨਾਲ ਛਣਕਾ ਛੱਡਦੀਆਂ ਹਨ। ਆਪਣਾ ਘਰ ਆਪਨੂੰ ਚੰਗਾ ਲੱਗੇ. ਦੂਜਿਆਂ ਨੂੰ ਸੁਹਣਾ ਜਾਪੇ। ਇਹ ਚੰਗੀ ਔਰਤ ਦੀ ਇਕ ਤਮੰਨਾ ਹੁੰਦੀ ਹੈ । ਘਰ ਦੇ ਬਨੇਰਿਆਂ, ਮਮਟੀਆਂ, ਛੇਜਿਆਂ, ਆਲੀਆਂ ਆਦਿ ਤੇ ਦੀਵੇ ਧਰਦੀਆਂ ਔਰਤਾਂ ਪੇਂਡੂ ਵਾਤਾਵਰਣ ਵਿਚ ਖੁਸ਼ੀਆਂ ਦਾ ਚਾਨਣ ਵੰਡ ਦਿੰਦੀਆਂ ਹਨ। ਦਿਵਾਲੀ ਤੇ ਆਪਣੀ ਕਰੜੀ ਮਿਹਨਤ ਨਾਲ ਪੇਂਡੂ ਔਰਤ ਘਰ ਦੀ ਨੁਹਾਰ ਹੀ ਬਦਲ ਦਿੰਦੀ ਹੈ।

# ਕਿਸਾਨ ਦੇ ਢੱਗੇ

ਜੁਗਾਂ ਜੁਗਾਂਤਰਾਂ ਤੋਂ ਕਿਸਾਨ ਦੇ ਢੱਗੇ (ਬਲਦ) ਉਸਦੀ ਜਿਉਂਦੀ ਜਾਗਦੀ ਸੰਪਤੀ ਰਹੇ ਹਨ। ਭਾਂਵੇਂ ਮੱਝਾਂ, ਗਊਆਂ ਤੇ ਹੋਰ ਡੰਗਰ ਪਸ਼ੂ ਵੀ ਉਸਦੇ ਕਿਸਾਨੀ ਕੰਮ ਲਈ ਬੜਾ ਮਹੱਤਵ-ਪੂਰਣ ਸਾਥ ਦੇਂਦੇ ਰਹੇ ਹਨ ਪ੍ਰੰਤੂ ਖੇਤੀ ਦਾ ਮੁੱਖ ਧੰਦਾ ਢੱਗਿਆਂ ਉਤੇ ਹੀ ਨਿਰਭਰ ਕਰਦਾ ਸੀ। ਇਹ ਗੱਲ ਵੱਖਰੀ ਹੈ ਕਿ ਹੁਣ ਵਿਗਿਆਨਕ ਯੁੱਗ ਵਿਚ ਟਰੈਕਟਰਾਂ, ਇੰਜਣਾਂ, ਮੋਟਰਾਂ, ਥਰੈਸਰਾਂ, ਕਰੈਸ਼ਰਾਂ, ਕੰਮਬਾਈਨਾਂ ਤੇ ਹੋਰ ਮਸ਼ੀਨਾਂ ਆਦਿ ਦੀ ਊਰਜਾ-ਸ਼ਕਤੀ ਰਾਹੀਂ ਖੇਤੀ ਦੇ ਖੇਤਰ ਵਿੱਚ ਵੱਡੀ ਤਬਦੀਲੀ ਆ ਗਈ ਹੈ ਪ੍ਰੰਤੂ ਛੋਟੇ ਤੇ ਗਰੀਬ ਕਿਸਾਨ ਲਈ ਗਊ ਦੇ ਜਾਇਆਂ ਬਿਨਾਂ ਖੇਤੀ ਕਰਨੀ ਅਜੇ ਵੀ ਉਸ ਦੇ ਵਸੀਲਿਆਂ ਤੋਂ ਬਾਹਰ ਦੀ ਗੱਲ ਹੈ। ਇਹ ਕਥਨ ਅਜੇ ਵੀ ਸੱਚਿਆਈ ਪੇਸ਼ ਕਰਦਾ ਹੈ ਕਿ :—

ਜਿਸਦੇ ਢੱਗੇ ਮਾੜੇ,
ਉਸਦੇ ਕਰਮ ਵੀ ਮਾੜੇ।



ਬੱਗੇ ਬਲਦ ਪਿਆਰੇ ਮੈਨੂੰ,
ਭਗਤ ਪਿਆਰੇ ਰੱਬ ਨੂੰ ।

ਕਿਸਾਨੀ-ਜੀਵਨ ਵਿਚ ਜਿੱਥੇ ਭੋਇੰ ਦੇ ਸਿਆੜਾਂ ਤੋਂ ਉਸਦੇ ਖਾਨਦਾਨੀ ਪੱਧਰ ਤੇ ਆਮਦਨ ਦਾ ਅਨੁਮਾਨ ਲਾਇਆ ਜਾਂਦਾ ਹੈ। ਰਿਸ਼ਤੇ ਨਾਤੇ ਕਰਨ ਸਮੇਂ ਇਹ ਪੁਰਾਣੀ ਕਹਾਵਤ ਅਜੇ ਵੀ ਸਿਆਣੇ ਕਹਿੰਦੇ ਸੁਣੇ ਜਾ ਸਕਦੇ ਹਨ :

ਰਿਸ਼ਤਾ ਲਈਏ ਘਰਾਣੇ ਦਾ,
ਬੈਲ ਲਈਏ ਲਾਣੇ ਦਾ ।

ਵੇਖਿਆ ਜਾਵੇ ਤਾਂ ਪਸ਼ੂਆ ਤੇ ਡੰਗਰਾਂ ਤੋਂ ਬਿਨਾਂ ਸਾਡਾ ਕਿਸਾਨੀ ਜੀਵਨ ਤਾਂ ਕੀ ਆਮ ਲੋਕ-ਜੀਵਨ ਵੀ ਅਧੂਰਾ ਹੈ। ਦੁੱਧ ਤੋਂ ਬਣਨ ਵਾਲੇ ਪਦਾਰਥਾਂ ਤੋਂ ਬਿਨਾਂ ਕਿੰਜ ਗੁਜ਼ਾਰਾ ਹੋ ਸਕਦਾ ਹੈ ? ਆਵਾਜਾਈ ਲਈ ਤੇ ਕਈ ਹੋਰ ਕੰਮਾਂ ਲਈ ਇਹਨਾਂ ਦੀ ਲੋੜ ਬੜੀ ਮਹੱਤਵ ਰੱਖਦੀ ਹੈ। ਦੇਸੀ ਖਾਦ ਲਈ ਤਾਂ ਕਿਸਾਨ ਦੇ ਡੰਗਰ ਉਸਦੀ ਉਪਜਾਊ ਖੇਤੀ ਲਈ ਬਹੁਤ ਹੀ ਜ਼ਰੂਰੀ ਹੋ ਜਾਂਦੇ ਹਨ।

ਗੱਡੇ ਦੇ ਪੰਜਾਲੇ ਹੇਠ ਜੁੜੇ ਬਲਦਾਂ ਦੇ ਕੰਨਿਆਂ ਤੋਂ ਲੈ ਕੇ ਹੱਲ ਦੀ ਪੰਜਾਲੀ ਹੇਠ ਜੁਤੇ ਬਲਦਾਂ ਦਾ ਕੰਮ ਖੇਤੀਬਾੜੀ ਦੇ ਖੇਤਰ ਵਿਚ ਕਿਸਾਨ ਲਈ ਕਿੰਨੇ ਹੀ ਕੰਮਾਂ ਨਾਲ ਸਬੰਧ ਰੱਖਦਾ ਹੈ। ਉਹ ਵੀ ਸਮਾਂ ਸੀ ਜਦੋਂ ਗੱਡਿਆਂ ਰਾਹੀਂ ਭਾੜਾ ਢਇਆ ਜਾਂਦਾ ਸੀ। ਦੋ ਤਿੰਨ ਗੱਡਿਆਂ ਦੀ ਟੋਲੀ ਦੇ ਗਡਵਾਨ ਆਪਣਾ ਆਪਣਾ ਰਾਸ਼ਨ ਪਾਣੀ ਨਾਲ ਲੈ ਕੇ ਕਈ ਕਈ ਦਿਨ ਗੱਡਿਆਂ ਦੀ ਚੀਂ ਚੀਂ ਨਾਲ ਸਫਰ ਮੁਕਾਉਂਦੇ ਰਹਿੰਦੇ। ਰਾਤ ਸਮੇਂ ਗੱਡੇ ਦੀ ਭੰਡਾਰੀ ਥੱਲੇ ਟੰਗੀ ਬਲਦੀ ਲਾਲਟੈਣ ਦੀ ਮੱਧਮ ਰੋਸ਼ਨੀ, ਬਲਦਾਂ ਦੇ ਖੁਰਾਂ ਨੂੰ ਲੱਗੀਆਂ ਖੁਰੀਆਂ ਦੀ ਆਵਾਜ਼ ਤੇ ਗੱਲਾਂ 'ਚ ਬੜੀ ਮਧੁਰ ਲਗਦੀ ।

ਕਈ ਕਿਸਾਨ ਪਰਿਵਾਰਾਂ 'ਚ ਛੋਟੇ ਵਹਿੜਕਿਆਂ (ਨਾਰੇ ਜਾਂ ਵੱਛੇ

ਨੂੰ ਖਰੀਦ ਕੇ ਪਾਲਣ ਦਾ ਬੜਾ ਸ਼ੌਕ ਹੁੰਦਾ ਹੈ। ਸ਼ਾਮ ਵੇਲੇ ਮੀਲ ਦੋ ਮੀਲ ਨਾਰਿਆਂ ਦੀਆਂ ਚਾਲਾਂ ਕਢਾਉਣੀਆਂ ਤੇ ਫਿਰ ਹੌਲੀ ਹੌਲੀ ਉਹਨਾਂ ਨੂੰ ਰੇਬੀਏ ਦੀ ਤੋਰ ਪਾਉਣਾ ਇਕ ਵੱਖਰੀ ਹੀ ਕਿਸਮ ਦੀ ਸਿਖਿਆ ਦੇਣ ਦੇ ਸ਼ੌਕ ਵਾਂਗ ਹੁੰਦਾ ਹੈ। ਕਿਸਾਨ ਦੇ ਗੱਭਰੂ ਪੁੱਤਰਾਂ ਨੂੰ ਉਹਨਾਂ ਨਾਲ ਅੰਤਾਂ ਦਾ ਮੋਹ ਹੁੰਦਾ ਹੈ। ਉਹਨਾਂ ਦੀ ਹੱਥ ਫੇਰੀ ਤੇ ਖਰਖਰਾ ਕਰਿਆ ਜਾਂਦਾ ਹੈ। ਉਬਾਲੇ ਹੋਏ ਚਣੇ, ਮਾਂਹ ਤੇ ਗੁਆਰਾ ਉਹਨਾਂ ਨੂੰ ਤਿਆਰ ਕਰਨ ਲਈ ਚਾਰਿਆ ਜਾਂਦਾ ਹੈ। ਡੇਢ ਕੁ ਸਾਲ ਤੱਕ ਦੇ ਵੱਛੇ ਨੂੰ ਖੀਰਾ ਕਿਹਾ ਜਾਂਦਾ ਹੈ। ਉਸਨੂੰ ਚੰਗਾ ਤੇ ਸ਼ਕਤੀਸ਼ਾਲੀ ਬਣਾਉਣ ਲਈ ਡੰਗਰਾਂ ਦੇ ਹਸਪਤਾਲ ਮਸ਼ੀਨ ਨਾਲ ਖੱਸੀ ਕਰਵਾਇਆਂ ਜਾਂਦਾ ਹੈ ਜਿਸਨੂੰ ਆਮ ਬੋਲੀ ਵਿਚ ਵਧੀਆ ਕਰਾਉਣਾ ਕਿਹਾ ਜਾਂਦਾ ਹੈ। ਫਿਰ ਸੂਏ ਨਾਲ ਉਸਦੇ ਨੱਕ ਵਿਚ ਨੱਥ ਪਾ ਦਿੱਤੀ ਜਾਂਦੀ ਹੈ ਜਿਸਨੂੰ ਨੱਥਣਾ ਕਿਹਾ ਜਾਂਦਾ ਹੈ। ਇਸ ਤਰ੍ਹਾਂ, ਉਸਨੂੰ ਕਾਬੂ ਕਰਨਾ ਤੇ ਵਾਹੁਣਾ ਸੌਖਾ ਹੋ ਜਾਂਦਾ ਹੈ। ਢਾਈ ਕੁ ਸਾਲ ਦਾ ਵੱਛਾ ਦੋ ਦੰਦ ਤੋੜ ਲੈਂਦਾ ਹੈ ਜਿਸਨੂੰ ਦੁੱਗਾ ਕਿਹਾ ਜਾਂਦਾ ਹੈ। ਪੂਰਾ ਬਲ੍ਹਦ ਪੰਜ ਕੁ ਸਾਲ ਦੀ ਉਮਰ ਵਾਲਾ ਚੌਗਾ (ਚਾਰ ਦੰਦ) ਕਹਾਉਂਦਾ ਹੈ ਜਿਸਨੂੰ ਖੇਤੀ ਦੇ ਹਰ ਕੰਮ ਲਾਇਆ ਜਾ ਸਕਦਾ ਹੈ।

ਗਰਮੀ ਦੇ ਮੌਸਮ ਵਿਚ ਬਲਦਾਂ ਨੂੰ ਕਈ ਵੇਰ ਨੁਹਾਇਆ ਵੀ ਜਾਂਦਾ ਹੈ। ਗਰਮੀ ਤੋਂ ਪਾਣੀ 'ਚ ਸ਼ੱਕਰ ਤੇ ਚਣਿਆਂ ਦੇ ਆਟੇ ਦਾ ਸ਼ਰਬਤ ਪਲਾਇਆ ਜਾਂਦਾ ਹੈ। ਸਰਦੀਆਂ 'ਚ ਅਲਸੀ ਦਾ ਦੇੜ ਤੇ ਹਾਲਿਓਂ ਚਾਰੀ ਜਾਂਦੀ ਹੈ। ਬਾਹਰੋਂ ਥਕੇ ਆਏ ਬਲਦਾਂ ਦੀਆਂ ਜੋੜੀਆਂ ਨੂੰ ਚਣੇ ਦੇ ਆਟੇ ਦੇ ਪੇੜੇ ਖੁਆਏ ਜਾਂਦੇ ਹਨ। ਕਈ ਵੇਰ ਚੂਰੀਆਂ ਵੀ ਚਾਰੀਆਂ ਜਾਂਦੀਆਂ ਹਨ। ਕਈ ਰੱਜੇ ਪੁੱਜੇ ਕਿਸਾਨ ਭਾਜਾਂ ਕਰਾਉਣ ਵਾਲੇ ਬਲਦਾ ਦੀ ਸੇਵਾ ਲਈ ਦੇਸੀ ਘਿਉ ਦਾ ਕੜਾਹ, ਬਦਾਮ ਆਦਿ ਚਾਰਦੇ ਹਨ। ਕਿਸਾਨ ਆਪ ਭਾਵੇਂ ਭੁੱਖਾ ਤਿਆਇਆ ਰਹੇ ਪ੍ਰੰਤੂ ਆਪਣੇ ਢੱਗਿਆਂ ਨੂੰ

ਚੰਗੇ ਤੋਂ ਚੰਗਾ ਦਾਣਾ ਚਾਰਨਾ ਤੇ ਚੰਗਾ ਚਾਰਾ ਪਾਉਣਾ ਜਰੂਰੀ ਸਮਝਦਾ ਹੈ ਕਿਉਂਕਿ ਉਸਦੀ ਖੇਤੀ ਉਸਦੇ ਢੱਗਿਆਂ ਦੀ ਤਾਕਤ ਉਤੇ ਹੀ ਨਿਰਭਰ ਕਰਦੀ ਹੈ।

## ਸ਼ਿੰਗਾਰਨ ਦਾ ਸ਼ੌਕ

ਕਿਸਾਨ ਨੂੰ ਆਪਣੇ ਢੱਗਿਆਂ ਨਾਲ ਮੋਹ ਏਨਾ ਹੁੰਦਾ ਹੈ ਕਿ ਉਹ ਉਹਨਾਂ ਦੇ ਹਾਰ ਸ਼ਿੰਗਾਰ ਵੀ ਬੜੇ ਚਾਅ ਨਾਲ ਕਰਦਾ ਹੈ। ਰੰਗਦਾਰ ਨੱਥਾਂ ਤੇ ਰੱਸੇ ਵੱਟਕੇ ਪਾਏ ਜਾਂਦੇ ਹਨ ਹੁਣ ਤੇ ਨਾਈਲਨ ਦੇ ਰੰਗਦਾਰ ਰੱਸੇ ਬਜ਼ਾਰੋਂ ਆਮ ਮਿਲਦੇ ਹਨ। ਵਿਆਹ ਸਾਦੀਆਂ, ਮੇਲਿਆਂ ਤੇ ਮੰਡੀਆਂ ਦੇ ਮੌਕੇ ਉਹਨਾਂ ਦੀ ਸਜ-ਧਜ ਪੂਰੀ ਕੀਤੀ ਜਾਂਦੀ ਹੈ । ਸਿੰਗਾਂ ਨੂੰ ਤੇਲ ਲਾਕੇ ਚਮਕਾਇਆ ਜਾਂਦਾ ਹੈ। ਕਈ ਸਿੰਗਾਂ ਤੇ ਚਾਂਦੀ ਜਾਂ ਪਿੱਤਲ ਦੀਆਂ ਟੋਪੀਆਂ ਚੜ੍ਹਵਾਉਂਦੇ ਹਨ। ਕਈ ਰੰਗਦਾਰ ਪੱਗਾਂ ਸਿੰਗਾਂ ਨੂੰ ਬੰਨਦੇ ਹਨ। ਕਈ ਸਿੰਗਾਂ ਹੇਠ ਮੱਥੇ ਉਪਰ ਚਮੜੇ ਦੇ ਸਜਾਵਟੀ ਚਮੱਟੇ ਬੰਨਦੇ ਹਨ। ਅੱਖਾਂ ਦੀ ਸਜਾਵਟ ਲਈ ਚਮੜੇ ਦੇ ਪੌਂਟੇ ਬੰਨਦੇ ਹਨ ਤੇ ਕਈ ਘਰ ਤਿਆਰ ਕਰਵਾਏ ਰੰਗ-ਬਰੰਗੇ ਫੂੰਦਿਆਂ ਵਾਲੇ ਮਖੇਰਨੇ ਤੇ ਛਕਲੀਆਂ ਬੰਨ੍ਹਕੇ ਸ਼ੌਕ ਪੂਰਾ ਕਰਦੇ ਹਨ। ਗਲਾਂ ਵਿਚ ਹਾਰ, ਹਮੇਲਾਂ, ਘੁੰਗਰਾਲਾਂ ਤੇ ਘੁੰਗਰੂ ਅਤੇ ਟੱਲੀਆਂ ਆਦਿ ਪਾਕੇ ਸ਼ਿੰਗਾਰਿਆ ਜਾਂਦਾ ਹੈ । ਪੇਂਡੂ ਸੁਆਣੀ ਦੇ ਬਣਾਏ ਹੋਏ ਸੁੰਦਰ ਝੁੱਲ ਸਰਦੀਆਂ 'ਚ ਬੜੀ ਰੀਝ ਨਾਲ ਬਲਦਾਂ ਨੂੰ ਪਹਿਨਾਏ ਜਾਂਦੇ ਹਨ । ਇਹੋ ਜਿਹੇ ਸ਼ਿੰਗਾਰੇ ਬਲਦਾਂ ਨੂੰ ਵੇਖਕੇ ਹੀ ਕਿਸੇ ਮੁਟਿਆਰ ਨੇ ਕਿਹਾ ਹੋਵੇਗਾ :—

ਜੇ ਮੁੰਡਿਆ ਤੇਰੇ ਬਲਦ ਥਿਆਏ
ਪਾਣੀ ਪਲਾ ਲੈ ਹੋਰ ਮੁੰਡਿਆ,
ਢਿੱਲੀ ਛੱਡ ਬਲਦਾਂ ਦੀ ਡੋਰ ਮੁੰਡਿਆਂ।

ਸਭ ਤੋਂ ਚੰਗੀ ਕਿਸਮ ਦੇ ਬਲਦ ਦੀਆਂ ਗੱਲਾਂ ਪਿੰਡ ਦੀ ਸਥ ਵਿਚ ਬੈਠੇ ਸਿਆਣੇ ਇੰਜ ਕਰਦੇ ਹਨ ਕਿ ਪੂਛ ਛਟੀ ਤੇ ਪਤਲੀ, ਢੁੱਠ ਉਭਰਵੀਂ, ਸਿੰਗ ਤੇ ਕੰਨ ਛੋਟੇ, ਮਿਰਗ ਵਰਗਾ ਲੱਕ ਪਤਲਾ, ਖੁਰ ਸਿੱਦੇ, ਪਿਛਲੀਆਂ ਟੰਗਾਂ ਕਮਾਣੀ-ਦਾਊ, ਗਰਦਨ ਪਤਲੀ-ਤੇ ਲੰਮੀ, ਕੰਬਲੇ ਦੀ ਝਾਲਰ ਪਤਲੀ ਤੇ ਪਿੰਡੇ ਉਪਰ ਮੱਖੀ ਨਾ ਬੈਠਣ ਦੇਵੇ। ਖੇਤੀ ਲਈ ਨਗੌਰੀ ਜਾਂ ਹਿਸਾਰੀ ਜੋੜੀ ਨੂੰ ਵਧੇਰੇ ਪਸੰਦ ਕੀਤਾ ਜਾਂਦਾ ਹੈ। ਕਈ ਮੇਲਿਆਂ ਤੇ ਬਲਦਾਂ ਦੀਆਂ ਭਾਜਾਂ (ਦੌੜਾਂ) ਕਰਾਈਆਂ ਜਾਂਦੀਆਂ ਹਨ। ਰੇੜ੍ਹੂਆਂ ਨਾਲ ਜੋੜੇ ਬਲਦਾਂ ਦੀਆਂ ਭਾਜਾਂ ਕਰਾਈਆਂ ਜਾਂਦੀਆ ਹਨ। ਮੇਲੇ ਦੀ ਰੌਣਕ ਇਹ ਦ੍ਰਿਸ਼ ਵੇਖਣ ਲਈ ਦੋ ਲਾਈਨਾਂ 'ਚ ਇਕੱਠੀ ਹੋ ਜਾਂਦੀ ਹੈ। ਧੂੜਾਂ ਉਡਦੀਆਂ ਹਨ । ਸ਼ਰਤਾਂ ਲਗਦੀਆਂ ਹਨ ਤੇ ਇਨਾਮ ਜਿੱਤੇ ਜਾਂਦੇ ਹਨ। ਮੇਲੇ ਦੇ ਸ਼ੋਰ 'ਚ ਇੱਕ ਹਜੂਮ ਝੂਮ ਉੱਠਦਾ ਹੈ। ਮੇਲੇ ਤੋਂ ਆਏ ਲੋਕ ਘਰੋ ਘਰੀ ਉਹਨਾਂ ਭਾਜਾਂ ਦੀਆਂ ਗੱਲਾਂ ਕਰਦੇ ਹਨ। ਪੁਰਾਣੀ ਕਹਾਵਤ ਹੈ :—

ਲੋਹਾ ਬੈਲ ਲਾਖ ਦਾ
ਨੀਲਾ ਨੌ ਕਰੋੜ,
ਬੱਗੇ ਨੂੰ ਲਈਏ ਵਾਹਕੇ
ਗੋਰੇ ਨੂੰ ਦਈਏ ਮੋੜ।

ਕੋਈ ਉਹ ਵੀ ਜ਼ਮਾਨਾ ਸੀ ਜਦੋਂ ਪੇਂਡੂ ਲੋਕ ਜੰਞਾਂ 'ਚ ਰੱਥ-ਗੱਡੀਆਂ ਰੜੂਆਂ, ਮਝੋਲੀਆਂ ਤੇ ਗੱਡਿਆਂ ਦੇ ਪੋਹਣਾ ਨੂੰ ਸ਼ਿੰਗਾਰੇ ਹੋਏ ਬਲਦਾਂ ਨਾਲ ਵਿਆਹੁਣ ਜਾਇਆ ਕਰਦੇ ਸਨ। ਰੱਥਾਂ ਨੂੰ ਜੋਤਣ ਵਾਲੇ ਬਲਦਾਂ ਨੂੰ ਖਾਸ ਕਿਸਮ ਦਾ ਦਾਣਾ ਚਾਰਿਆ ਜਾਂਦਾ ਸੀ ਤੇ ਉਹਨਾਂ ਨੂੰ ਵਿਸ਼ੇਸ਼ ਸਿਖਲਾਈ ਦਿੱਤੀ ਜਾਂਦੀ ਸੀ । ਉਹ ਇੰਨੇ ਚੌਕੰਨੇ ਹੋ ਜਾਂਦੇ ਸਨ ਕਿ ਰੱਥ ਦੇ ਕੰਸ (ਜੰਗ) ਤੇ ਟੱਲੀਆਂ ਦੀ ਟੁਣਕਵੀਂ ਆਵਾਜ਼ ਸੁਣ ਕੇ ਹੀ ਕੰਨ ਚੁੱਕ ਲੈਂਦੇ।

ਕੀਲੇ ਬੰਨੇ, ਫੂੰਕਾਰੇ ਮਾਰਦੇ ਨੱਚਣਾ ਸ਼ੁਰੂ ਕਰ ਦਿੰਦੇ। ਉਹਨਾਂ ਬਲਦਾਂ ਨੂੰ ਵਿਆਹ ਸਮੇਂ ਵਖਰੀ ਰਸਦ ਦਿੱਤੀ ਜਾਂਦੀ ਸੀ। ਸਾਡੇ ਲੋਕ-ਗੀਤਾਂ 'ਚ ਬਹੁਤ ਥਾਂਈਂ ਉਚਰੇ ਗੀਤ ਆਮ ਮਿਲ਼ਦੇ ਹਨ :

ਰੱਥ ਆਉਂਦਾ ਬੁਰਜ ਦੇ ਉਹਲੇ,
ਟੱਲੀਆਂ ਖੜਕਦੀਆਂ ।

---

ਘੁੰਗਰੂ ਲਿਆਦੇ ਬੰਤ,
ਬੱਗੇ ਵਹਿੜੇ ਦੇ ਸਿੰਗਾਂ ਵਿਚ ਪਾਉਣੇ।

---

ਬੱਗੇ ਬਲਦ ਖਰਾਸੇ ਜਾਣੇ,
ਮਾਣ ਕੁਰੇ ਕੱਢ ਘੁੰਗਰੂ ।

---

ਕਿਸਾਨ ਆਪਣੇ ਬਲਦਾਂ ਦੇ ਨਾਂ ਵੀ ਆਪਣੇ ਪੁੱਤਾਂ—ਧੀਆਂ ਵਾਂਗ ਰੱਖਕੇ ਬਹੁਤ ਖੁਸ਼ ਹੰਦਾ ਹੈ ਜਿਵੇਂ ਚੁੰਗਾ, ਭੱਡੂ, ਭੂਰੂ, ਚੱਪਾ, ਮੱਠੜ, ਨੀਲਾ, ਬੱਗਾ, ਬੈਨਾ, ਕਾਲਾ, ਮਾਰਖੁੰਡ, ਨਾਰਾ, ਭੂੰਗਾ, ਮੀਣਾ ਆਦਿ। ਅੱਜ ਕੱਲ ਆਮ ਜੋੜੀ ਚਾਰ ਹਜਾਰ ਤੋਂ ਘੱਟ ਨਹੀਂ ਆਉਂਦੀ। ਗਰੀਬ ਕਿਸਾਨ ਦੇ ਘਰ ਦੁੱਖ ਦਾ ਪਹਾੜ ਆ ਟੁੱਟਦਾ ਹੈ ਜਦੋਂ ਕਈ ਵੇਰ ਮੂੰਹ-ਖੁਰ, ਗਲ ਘੋਟੂ, ਅਫਾਰੇ ਆਦਿ ਦੀ ਬਿਮਾਰੀ ਨਾਲ ਉਸਦਾ ਕੋਈ ਢੱਗਾ ਮਰ ਜਾਵੇ । ਉਤੋਂ ਬਿਜਾਈ ਦਾ ਸਮਾਂ, ਉਸ ਲਈ ਕਹਿਰ ਬਣ ਜਾਂਦਾ ਹੈ । ਉਸਦੀ ਆਰਥਿਕ ਮੰਦਹਾਲੀ ਉਸਨੂੰ ਕਰਜ਼ਈ ਬਣਾ ਦਿੰਦੀ ਹੈ । ਪਰ ਉਸਦਾ ਸਿਰੜੀ ਜੀਵਨ ਹਾਰ ਨਹੀਂ ਮੰਨਦਾ। ਬੱਲੇ ਬੱਲੇ, ਤੱਤਾ-ਤੱਤਾ, ਪਰਾਹਾਂ-ਪਰਾਹਾਂ ਸ਼ਾਬਾ-ਸ਼ਾਬਾ ਦੇ ਬੋਲਾਂ ਨਾਲ ਉਸਦਾ ਕਿਸਾਨੀ ਜੀਵਨ ਅੰਨਦਾਤਾ ਬਣਿਆ ਰਹਿੰਦਾ ਹੈ ਅਤੇ ਉਸਦੀ ਉਤਾਂਹ ਉਲਰਦੀ ਬਾਂਹ ਪਰੈਣੀ ਦੇ ਇਸ਼ਾਰੇ ਕਰਦੀ ਜੂਝਦੀ ਰਹਿੰਦੀ ਹੈ ।

## ਦੁੱਧ ਚਿੱਟੀਆਂ ਕਪਾਹ ਦੀਆਂ ਫੁੱਟੀਆਂ

ਪੰਜਾਬ ਦੇ ਕਿਸਾਨ ਦੀ ਸੁਆਣੀ ਜਿਥੇ ਆਪਣੇ ਰਸਮ ਰਿਵਾਜ ਬੜੇ ਚਾਆਂ ਤੇ ਮਲਾਰਾਂ ਨਾਲ ਮਨਾਉਂਦੀ ਹੈ ਉਥੇ ਉਹ ਕਈ ਖੇਤਾਂ ਦੇ ਕੰਮ-ਕਾਰ ਵੀ ਸ਼ਗਨਾਂ ਨਾਲ ਸ਼ੁਰੂ ਕਰਦੀ ਹੈ। ਘਰ ਦੇ ਕੰਮਾਂ ਤੋਂ ਵਿਹਲੀ ਹੋ ਕੇ ਉਸ ਨੂੰ ਸਰ-ਸਬਜ਼ ਖੇਤਾਂ ਵਿਚ ਜਾਣਾ ਚੰਗਾ ਲਗਦਾ ਹੈ। ਉਹ ਆਪਣੇ ਖੇਤਾਂ ਵਿਚ ਬੀਜੀ ਹਰ ਫਸਲ ਦੀ ਕਾਮਯਾਬੀ ਦੀ ਸੁੱਖ ਮੰਗਦੀ ਹੈ ਪ੍ਰੰਤੂ ਕਪਾਹ ਦੀ ਫਸਲ ਨਾਲ ਉਸਦਾ ਮੋਹ ਭਰਿਆ ਸਬੰਧ ਧੜਕਣਾ ਭਰਪੂਰ ਹੁੰਦਾ ਹੈ। ਉਸ ਦਾ ਤ੍ਰਿੰਝਣੀ ਕੰਮ ਦਰੀਆਂ ਬੁਣਨਾ, ਰਜਾਈਆਂ ਬਛਾਉਣੇ ਤੇ ਸਰਹਾਣੇ ਆਦਿ ਤਿਆਰ ਕਰਨੇ ਕਪਾਹ ਦੀ ਚੰਗੀ ਫਸਲ ਦੇ ਸਦਕੇ ਹੀ ਸਿਰੇ ਚੜ੍ਹਦੇ ਹਨ। ਇਹਨਾਂ ਲੋੜਾਂ ਦੀ ਪੂਰਤੀ ਲਈ ਉਹ ਲੋਕ ਗੀਤ 'ਚ ਇਉਂ ਕਹਿੰਦੀ ਹੈ :—

ਛੋਲੇ ਵੱਢਕੇ **ਬੀਜ** ਦੇ ਨਰਮਾ,
ਚੁਗਣੇ ਨੂੰ ਮੈਂ ਤਕੜੀ।

ਲੀ ਮੈਂ ਕੱਤਾਂ ਪ੍ਰੀਤਾਂ ਨਾਲ,
ਨਰਮਾ ਖੇਤਾਂ ਦਾ ।

ਭਾਦੋਂ ਦੇ ਮਹੀਨੇ ਜਦੋਂ ਕਪਾਹ ਖਿੜਨ ਤੇ ਆਉਂਦੀ ਹੈ ਤਾਂ ਕਿਸਾਨ ਦੀ ਸੁਆਣੀ ਨੂੰ ਇਕ ਚਾਅ ਚੜ੍ਹ ਜਾਂਦਾ ਹੈ। ਕਪਾਹ ਚੁਗਣ ਦਾ ਕੰਮ ਉਹ ਬੜੇ ਸ਼ਗਨਾ ਨਾਲ ਆਰੰਭ ਕਰਦੀ ਹੈ ਜਿਸ ਨੂੰ ਕਪਾਹ ਫੁੜਕਣਾ ਕਿਹਾ ਜਾਂਦਾ ਹੈ । ਉਹ ਆਪਣੇ ਨਾਲ ਪਿੰਡ ਦੀਆਂ ਚੁਗਾਵੀਆਂ (ਕਪਾਹ ਚੁਗਣ ਵਾਲੀਆਂ) ਦੀ ਟੋਲੀ ਕਪਾਹ ਦੇ ਖੇਤ ਕੋਲ ਲ ਜਾਂਦੀ ਹੈ। ਇਕ ਪੋਟਲੀ ਵਿਚ ਉਸ ਕੋਲ ਚੋਲ ਤੇ ਗੜ ਜਾਂ ਸ਼ੱਕਰ ਪਾਈ ਹੁੰਦੀ ਹੈ। ਕਪਾਹ ਦੀ ਵੱਟ 'ਤੇ ਖੜੋ ਕੇ ਉਹ ਖਿੜੀ ਫਸਲ ਨੂੰ ਬੜੀ ਭਰਵੀਂ ਨੀਝ ਨਾਲ ਵੇਖਦੀ ਹੈ ਫਿਰ ਚੜ੍ਹਦੇ ਪਾਸਿਉਂ ਕਪਾਹ ਦੇ ਆਲੇ ਦੁਆਲੇ ਵੱਟੋ ਵੱਟ, ਖੇਤ ਦੀ ਮਾਲਕਣ ਇਕ ਪੂਰਾ ਚੱਕਰ ਲਾਉਂਦੀ ਹੈ ਤੇ ਮੂਹ 'ਚ ਚੋਲ ਪਾ ਪਾ ਕੇ ਫੁਰਤ ਫੁਰਰ ਕਰਕੇ ਬਾਹਰ ਖਿੰਡਾਉਂਦੀ ਰਹਿੰਦੀ ਹੈ। ਚੁਗਾਵੀਆਂ ਉਸ ਦੇ ਪਿੱਛੇ ਪਿੱਛੇ ਗੇੜਾ ਕੱਟਦੀਆਂ ਹਨ। ਗੇੜਾ ਪੂਰਾ ਕਰਕੇ ਖੂੰਜੇ 'ਤੇ ਖੜੀ ਕਪਾਹ ਦੀ ਇਕ ਛਟੀ ਨੂੰ ਕੁਝ ਚੁਣੇ ਫੁਟਾਂ (ਫੁੱਟੀਆਂ) ਨਾਲ ਸ਼ਿੰਗਾਰ ਦਿੱਤਾ ਜਾਂਦਾ ਹੈ ਤੇ ਇਹ ਆਸ ਕੀਤੀ ਜਾਂਦੀ ਹੈ ਕਿ ਕਪਾਹ ਦਾ ਹਰ ਬੂਟਾ ਇਸ ਤਰ੍ਹਾਂ ਫੁੱਟੀਆਂ ਨਾਲ ਵਰਦਾ ਰਹੇ। ਫਿਰ ਚੋਲ ਤੇ ਮਿਠਾ ਸ਼ਗਨ ਵੱਜੋਂ ਵੰਡਿਆ ਜਾਂਦਾ ਹੈ । ਚਿੱਟੇ ਚੋਲਾਂ ਵਾਂਗ ਫੁੱਟੀਆਂ ਖਿੜਨ ਦੀ ਖੈਰ ਮੰਗੀ ਜਾਂਦੀ ਹੈ।

ਕਪਾਹ ਫੁਟਕਣ ਦੇ ਬਾਅਦ ਝੋਲੀਆਂ ਮਾਰਕੇ ਕਪਾਹ ਚੁਗਣ ਦਾ ਕੰਮ ਅਰੰਭ ਕੀਤਾ ਜਾਂਦਾ ਹੈ। ਕਪਾਹ ਦੀ ਚੁਗਾਈ ਕਈ ਮਹੀਨੇ ਚਲਦੀ ਹੈ। ਔਰਤਾਂ ਲਈ ਜਿਥੇ ਇਹ ਕੰਮ ਸੌਖਾ ਹੈ ਉਥੇ ਮਨ ਲੁਭਾਉਣਾ ਵੀ ਬਹੁਤ ਹੈ। ਤਾਰਿਆਂ ਵਾਂਗ ਖਿੜੀਆਂ ਫੁੱਟੀਆਂ ਨੂੰ ਜਦੋਂ ਪੰਜਾਬਣਾ ਆਪਣੀਆਂ ਝੋਲੀਆਂ ਵਿਚ ਜਿਦ ਜਿਦ ਕੇ ਚੁਗ ਚੁਗ ਪਾਉਂਦੀਆਂ ਹਨ

ਤਾਂ ਦ੍ਰਿਸ਼ ਬੜਾ ਮਨਮੋਹਣਾ ਲਗਦਾ ਹੈ। ਚਾਵਾਂ ਤੇ ਮਲਾਰਾਂ ਨਾਲ ਕੰਮੀਂ ਰੁਝੀ ਕਿਸੇ ਨਾਜੋ ਨੂੰ ਦੂਰੋਂ ਤੱਕ ਕੇ, ਕਿਸੇ ਪੰਜਾਬੀ-ਗਭਰੂ ਦੇ ਮੂੰਹੋਂ ਇਹ ਲੋਕ-ਗੀਤ ਆਪ ਮੁਹਾਰੇ ਹੀ ਨਿਕਲ ਜਾਂਦਾ ਹੈ :—

ਝੁਕ ਜਾ ਝੁਕ ਜਾ ਨੀਂ
ਕਪਾਹ ਦੀਏ ਛਟੀਏ,
ਪਤਲੋ ਦੀ ਬਾਂਹ ਥੱਕਜੂ ।

ਚੁਗਾਵੀਆਂ ਨੂੰ ਚੁਗਾਈ ਦਾ ਪੰਦਰਵਾਂ, ਯਾਰਵਾਂ, ਸੱਤਵਾਂ ਜਾਂ ਪੰਜਵਾਂ ਹਿੱਸ ਕਪਾਹ ਦਿੱਤੀ ਜਾਂਦੀ ਹੈ ਜਿਹੜੀ ਢੇਰੀਆਂ ਲਾ ਕੇ ਵੰਡ ਲਈ ਜਾਂਦੀ ਹੈ। ਕੂਲੀਆਂ ਦੁਧ-ਚਿੱਟੀਆਂ ਖਿੜੀਆਂ ਫੁਟੀਆਂ ਨੂੰ ਆਪਣੇ ਪੋਟਿਆਂ ਨਾਲ ਤੋੜਦੀ ਹੋਈ ਸੁਆਣੀ ਆਪਣੇ ਪ੍ਰੀਤ-ਜਜ਼ਬਿਆਂ ਨੂੰ ਗੀਤ ਰਾਹੀਂ ਪ੍ਰਗਟ ਕਰਦੀ ਹੈ —

ਚਿੱਟੀਆਂ ਕਪਾਹ ਦੀਆਂ ਫੁੱਟੀਆਂ,
ਹਾੜ੍ਹਾ ਵੇ ਪੱਤ ਹਰੇ ਹਰੇ,
ਕਹੀਂ ਨੀ ਨਨਾਣੇ ਆਪਣੇ ਵੀਰ ਨੂੰ,
ਕਦੇ ਤਾਂ ਭੈੜਾ ਹੱਸਿਆ ਕਰੇ ।

ਇੰਝ ਚੁਗਾਵੀਆਂ ਦੀਆਂ ਟੋਲੀਆਂ ਆਪਣੀਆਂ ਪੰਡੋਕਲੀਆਂ ਸਿਰਾਂ ਤੇ ਧਰ ਕੇ ਘਰਾਂ ਨੂੰ ਪਰਤਦੀਆਂ ਹਨ।

## ਸੁਆਣੀਆਂ ਨੂੰ ਸੇਵੀਂਆਂ ਦਾ ਚਾਅ

ਪੰਜਾਬ ਦੇ ਪੇਂਡੂ ਖਾਣਿਆਂ ਵਿਚ ਜਿੱਥੇ ਸਾਗ, ਮੱਕੀ ਦੀ ਰੋਟੀ, ਲੱਸੀ ਤੇ ਬੇਰੜੇ ਦੀ ਰੋਟੀ ਦੀ ਆਪਣੀ ਹੀ ਥਾਂ ਹੈ ਉਥੇ ਸੇਵੀਂਆਂ ਤੋਂ ਵੀ ਕੋਈ ਘਰ ਵਿਰਵਾ ਨਹੀਂ ਰਹਿੰਦਾ। ਕਣਕ ਦੀ ਰੋਟੀ ਤਾਂ ਹਰ ਰੋਜ਼ ਪੱਕਦੀ ਹੈ ਪਰ ਮਿੱਠੀ ਚੀਜ਼ (ਡਿਸ਼) ਵੱਜੋਂ ਗੁੜ ਜਾਂ ਖੰਡ ਦੀਆਂ ਬਣਾਈਆਂ ਤੇ ਘਿਓ ਨਾਲ ਤਲੀਆਂ ਸੇਵੀਂਆਂ ਹਰ ਕੋਈ ਚਾਅ ਨਾਲ ਖਾਂਦਾ ਹੈ। ਪੇਂਡੂ ਸੁਆਣੀ ਘਰ ਆਏ ਮੇਹਿਮਾਨ ਦੀ ਸੇਵਾ ਲਈ ਸੇਵੀਂਆਂ ਬਨਾਉਣ ਵਿਚ ਖੁਸ਼ੀ ਮਹਿਸੂਸ ਕਰਦੀ ਹੈ। ਕਈ ਵਾਰ ਕਿਸੇ ਪ੍ਰਾਹੁਣੇ ਦਾ ਲੁਪਰ ਲੁਪਰ ਕਰਦੀਆਂ ਸੇਵੀਆਂ ਨੂੰ ਚਮਚ ਨਾਲ ਮੂੰਹ 'ਚ ਪਾਉਂਦੇ ਤੇ ਥੱਲੇ ਡੇਗਦਿਆਂ ਵੇਖਕੇ, ਓਟੀਏ ਦੇ ਰਖਨਿਆਂ ਥ੍ਹੀਂ ਬੈਠੀ ਸੁਆਣੀ ਦਾ ਹਾਸਾ ਛਣਕੇ ਬਿਨਾਂ ਨਹੀਂ ਰਹਿੰਦਾ।

ਜ਼ੁਕਾਮ ਦੇ ਰੋਗੀ ਨੂੰ ਸੌਣ ਸਮੇਂ ਸੇਵੀਆਂ ਦਾ ਪਾਣੀ ਗੁਣਕਾਰੀ ਸਮਝਿਆ ਜਾਂਦਾ ਹੈ। ਮੁਸਲਮਾਨ ਲੋਕ ਈਦ-ਉਲ-ਫਿਤਰ ਦੇ ਮੌਕੇ ਬੜੀ

ਗੁੜ ਨਾਲ ਸੇਵੀਂਆਂ ਬਣਾਉਂਦੇ ਹਨ। ਖੋਪਾਂ, ਦਾਖਾਂ ਤੇ ਛੁਆਰੇ ਪਾਕੇ ਚੰਗੇ ਖਾਣੇ ਵੱਜੋਂ ਆਪਸ ਵਿਚ ਇਕ ਦੂਜੇ ਦੇ ਘਰ ਭੇਜਦੇ ਹਨ ਤੇ ਅਨੰਦ ਮਾਣਦੇ ਹਨ।

ਪਿੰਡਾਂ ਵਿਚ ਸੇਵੀਆਂ ਵੱਟਣ ਦਾ ਕੰਮ ਬਰਸਾਤ ਪਿਛੋਂ ਭਾਦੋਂ ਦੇ ਮਹੀਨੇ ਸ਼ੁਰੂ ਹੋ ਜਾਂਦਾ ਹੈ। ਕਣਕ ਨੂੰ ਧੋ-ਸਵਾਰਕੇ ਬਰੀਕ ਪੀਸੇ ਆਟੇ ਦੀਆਂ ਸੇਵੀਂਆਂ ਬਣਾਉਣ ਦਾ ਹਰ ਸੁਆਣੀ ਨੂੰ ਸ਼ੌਕ ਹੁੰਦਾ ਹੈ। ਉਹ ਵੀ ਸਮਾਂ ਸੀ ਜਦੋਂ ਪੇਂਡੂ ਔਰਤਾਂ ਦਾ ਇਕੱਠ ਕਿਸੇ ਖੁਲ੍ਹੇ ਵਿਹੜੇ ਵਿਚ ਜਾਂ ਕੋਠੇ ਉਤੇ ਆਪਣੀਆਂ ਪਰਾਤਾਂ ਵਿਚ ਆਟਾ ਗੁੰਨ੍ਹ-ਤਿਆਰ ਕਰਕੇ ਸੇਵੀਂਆਂ ਵੱਟਣ ਲਈ ਇਕੱਠੀਆਂ ਹੋਇਆ ਕਰਦੀਆਂ ਸਨ। ਆਪਣੀ ਆਪਣੀ ਥਾਂ ਮੱਲਕੇ ਮਿੱਟੀ ਦੇ ਘੜੇ ਮੂੰਧੇ ਮਾਰ ਲਿੱਤੇ ਜਾਂਦੇ ਤੇ ਆਟੇ ਦੇ ਪੇੜੇ ਘੜੇ ਉਤੇ ਰੱਖਕੇ ਦੋਵੇਂ ਹੱਥਾਂ ਨਾਲ ਬੜੀਆਂ ਲਚਕਾਂ ਨਾਲ ਬਰੀਕ ਬਰੀਕ ਵੱਟੀਆਂ ਸੇਵੀਂਆਂ ਘੜੇ ਦੇ ਦੋਵੇਂ ਪਾਸੇ ਲੱਟਕਣ ਲੱਗਦੀਆਂ। ਧੁੱਪੇ ਮੂੰਧੇ ਮਾਰੇ ਮੰਜਿਆਂ 'ਤੇ ਜਿਹਨਾਂ ਦੇ ਪਾਵਿਆਂ ਨਾਲ ਰੱਸੀਆਂ ਦਾ ਜਾਲ ਬੁਣਿਆ ਹੁੰਦਾ ਜਾਂ ਕਈ ਵੇਰ ਛਿੰਗਾਂ ਰੱਖੀਆਂ ਹੁੰਦੀਆਂ ਤਾਂ ਹਰ ਸੁਆਣੀ ਆਪਣਾ ਰੁੱਗ ਭਰਵਾਂ ਗੁੱਛਾ ਤੋੜਕੇ ਮੰਜਿਆਂ 'ਤੇ ਵਗਾਹ ਛੰਡਦੀ। ਮੁਕਾਬਲੇ ਤੇ ਮਿਲਵਰਤਣ ਦਾ ਇਹ ਬੜਾ ਪਿਆਰਾ ਦ੍ਰਿਸ਼ ਹੁੰਦਾ। ਪਿੰਡ ਦੇ ਹੁਸਨੀਕਿਰਤ ਦੀ ਇਹ ਤਸਵੀਰ ਮਧੁਰ-ਮਗਨਤਾ ਨਾਲ ਸੇਵੀਂਆਂ ਵੱਟਦੀ ਰਹਿੰਦੀ।

ਅੱਜ ਕਲ੍ਹ ਹੱਥ ਨਾਲ ਸੇਵੀਂਆਂ ਵੱਟਣ ਦਾ ਰਿਵਾਜ਼ ਨਹੀਂ ਰਿਹਾ। ਉਸ ਦੀ ਥਾਂ ਜਿੰਦੀ ਨਾਲ ਸੇਵੀਆਂ ਵੱਟਣਾ ਸੌਖਾ ਹੋ ਗਿਆ ਹੈ। ਮੰਜੇ ਦੀ ਬਾਹੀ ਨਾਲ ਜਿੰਦੀ (ਮਸ਼ੀਨ) ਬੰਨ੍ਹ ਲਈ ਜਾਂਦੀ ਹੈ। ਇਕ ਜਣੀ ਜਿੰਦੀ ਘੁਮਾਉਂਦੀ ਹੈ ਤੇ ਦੂਜੀ ਆਟੇ ਦੇ ਪੇੜੇ ਜਿੰਦੀ ਦੇ ਮੂੰਹ 'ਚ ਥੁੰਨਦੀ ਰਹਿੰਦੀ ਹੈ। ਜਦੋਂ ਸੇਵੀਂਆਂ ਦਾ ਪੂਰ ਥੱਲੇ ਪਰਾਤ ਨੂੰ ਛੋਹਣ ਵਾਲਾ ਹੋ ਜਾਂਦਾ ਹੈ

ਤਾਂ ਗੁੱਛਾ ਤਰੁੰਡਕੇ ਧੁੱਪੇ ਮੰਜੇ ਤੇ ਛੱਡ ਦਿੱਤਾ ਜਾਂਦਾ ਹੈ। ਹੁਣ ਇਹ ਕੰਮ ਘਰੋ ਘਰੀ ਦਾ ਰਹਿ ਗਿਆ ਹੈ। ਸੇਵੀਂਆਂ ਨੂੰ ਧੁੱਪੇ ਚੰਗੀ ਤਰਾਂ ਸੁਕਾ ਲਿਆ ਜਾਂਦਾ ਹੈ । ਫਿਰ ਕੜਾਹੀ 'ਚ ਰੇਤ ਪਾ ਕੇ ਚੁਲ੍ਹੇ ਉਤੇ ਭੁੰਨ ਲਿਆ ਜਾਂਦਾ ਹੈ । ਭੁੰਨੀਆਂ ਹੋਈਆਂ ਸੇਵੀਂਆਂ ਸਾਲ ਭਰ ਖਰਾਬ ਨਹੀਂ ਹੁੰਦੀਆਂ ਤੇ ਲੋੜ ਸਮੇਂ ਬਣਾ ਲਈਆਂ ਜਾਂਦੀਆਂ ਹਨ।

ਪਿੰਡਾ 'ਚ ਸੌਣ ਦੇ ਮਹੀਨੇ ਗੁੱਗੇ ਦੀ ਪੂਜਾ ਆਮ ਹੁੰਦੀ ਹੈ। ਪ੍ਰਾਚੀਨ- ਕਥਾ ਅਨੁਸਾਰ ਰਾਜਪੂਤ ਮਾਤਾ ਵਾਛਲ ਦੇ ਕੋਈ ਔਲਾਦ ਨਹੀਂ ਸੀ। ਉਸਨੇ ਗੁਰੂ ਗੋਰਖ ਨੂੰ ਸੇਂਵੀਆਂ ਦਾ ਭੰਡਾਰਾ ਬੜੀ ਸ਼ਰਧਾ ਤੇ ਸੁੱਚਮਤਾ ਨਾਲ ਭੇਟ ਕੀਤਾ । ਗੁਰੂ ਗੋਰਖ ਨੇ ਮਾਤਾ ਵਾਛਲ ਨੂੰ ਗੁੱਗਲ ਦਿੱਤੀ ਤੇ ਗਊ ਦੇ ਦੁੱਧ ਨਾਲ ਲੈਣ ਲਈ ਵਰਦਾਨ ਦਿੱਤਾ। ਜਿਸਦੇ ਫਲ-ਸਰੂਪ ਵਾਛਲ ਦੀ ਕੁੱਖੋਂ ਗੁੱਗਾ ਪੈਦਾ ਹੋਇਆ ।

ਇਸੇ ਲਈ ਗੁੱਗਾ ਨੌਮੀ ਦੇ ਤਿਉਹਾਰ ਸਮੇਂ ਆਮ ਕਰਕੇ ਪੇਂਡੂ ਸੁਆਣੀਆਂ ਸੇਵੀਂਆਂ ਬਣਾਕੇ ਮੱਥਾ ਟੇਕਦੀਆਂ ਹਨ । ਗੁੱਗੇ ਦੀ ਸੁੱਖ ਉਤਾਰੀ ਜਾਂਦੀ ਹੈ ਅਤੇ ਪਰਿਵਾਰ ਤੇ ਮਾਲ-ਡੰਗਰ ਤੇ ਨੱਗਰ-ਖੇੜੇ ਦੀ ਖੈਰ ਮੰਗੀ ਜਾਂਦੀ ਹੈ । ਸੋ ਰਸੋਈ ਦੇ ਹੋਰ ਕੰਮਾਂ ਵਾਂਗ ਸੇਵੀਂਆਂ ਵੱਟਣਾ ਤੇ ਬਣਾਉਣਾ ਪੇਂਡੂ ਸੁਆਣੀ ਲਈ ਇਕ ਖੁਸ਼ੀ ਤੇ ਚਾਅ ਭਰਿਆ ਰੁਝੇਵਾਂ ਹੁੰਦਾ ਹੈ।

ਪੰਜਾਬ ਦੇ ਸਭਿਆਚਾਰ ਵਿਚ ਸੱਸ-ਨੂੰਹ ਦਾ ਈਰਖਾ ਦਾ ਰਿਸ਼ਤਾ ਆਦਿ ਕਾਲ ਤੋਂ ਚਲਿਆ ਆ ਰਿਹਾ ਹੈ। ਨੂੰਹ ਆਪਣੇ ਨਾਲ ਦਵੈਤ-ਭਾਵ ਦੇ ਰਿਸ਼ਤੇ ਨੂੰ ਆਪਣੇ ਕੀਤੇ ਕੰਮਾਂ ਰਾਹੀਂ ਪ੍ਰਗਟ ਕਰਦੀ ਹੈ। ਇਸੇ ਤਰ੍ਹਾਂ ਸੇਵੀਆਂ ਨਾਲ ਸਬੰਧਤ ਇਕ ਗੀਤ ਦੀਆਂ ਕੁਝ ਸਤਰਾਂ ਇੱਥੇ ਬੜੀਆਂ

ਢੁਕਵੀਆਂ ਲਗਦੀਆਂ ਹਨ :—

ਵੱਟੀਆਂ ਵਟਾਈਆਂ ਅਸਾਂ ਵੱਟ ਭੜੋਲੇ ਪਾਈਆਂ,
ਨਹੀਂਓਂ ਰਿੰਨਣੀਆਂ ਸੇਵੀਂਆਂ ।
ਜਦ ਆਈ ਤੇਰੀ ਮਾਂ
ਗਲ ਵਿਚ ਰੱਸਾ ਲੱਗੋਂ ਗਾਂ
ਨਹੀਂਓਂ ਰਿੰਨਣੀਆਂ ਸੇਵੀਂਆਂ
ਜਦ ਆਇਆ ਮੇਰਾ ਵੀਰ
ਹੱਥ ਵਿਚ ਬੈਂਤ ਲੱਗੇ ਵਜ਼ੀਰ
ਹੁਣ ਮੈਂ ਰਿੰਨਣੀਆਂ ਸੇਵੀਂਆਂ ।।

# ਟੋਭੇ ਨਾਲ ਪਿੰਡ ਦੀ ਲੋਕ-ਸਾਂਝ

ਪਿੰਡ ਦਾ ਟੋਭਾ (ਛੱਪੜ) ਪੇਂਡੂ ਜਨਸਮੂਹ ਦੇ ਕਿਰਤੀ ਹੱਥਾਂ ਦੀ ਖੁਦਾਈ ਦਾ ਪ੍ਰਤੀਕ ਹੈ । ਜੇਕਰ ਕਿਸੇ ਵੀ ਪਿੰਡ ਦੇ ਵਸਣ ਦੀ ਪੂਰਵ ਗਾਥਾ ਨੂੰ ਜਾਨਣ ਦੀ ਕੋਸ਼ਿਸ਼ ਕਰੀਏ ਤਾਂ ਪਤਾ ਲਗੇਗਾ ਕਿ ਕਈ ਸਦੀਆਂ ਪਹਿਲਾਂ ਜਦੋਂ ਕੋਈ ਪਿੰਡ ਵਸਾਇਆ ਜਾਦਾ ਸੀ ਤਾਂ ਲੋਕਾ ਦੇ ਮਕਾਨ ਆਮ ਕਰਕੇ ਕੱਚੇ ਗਾਰੇ ਮਿੱਟੀ ਦੇ ਹੁੰਦੇ ਸਨ ਜਿਹਨਾਂ ਦੀ ਉਸਾਰੀ ਇਕ ਨੇੜੇ ਦੀ ਥਾਂ ਤੋਂ ਮਿੱਟੀ ਪੁੱਟ ਕੇ ਕੱਚੇ ਡਲਿਆਂ, ਪਥਨਿਆਂ, ਚੀਰੂਆਂ ਜਾਂ ਕੱਚੀਆਂ ਇੱਟਾਂ ਨਾਲ ਕੀਤੀ ਜਾਂਦੀ ਸੀ । ਸਮਾਂ ਪਾ ਕੇ ਹੌਲੀ ਹੌਲੀ ਮਿੱਟੀ ਪੁੱਟਣ ਵਾਲੀ ਥਾਂ ਟੋਭੜੀ ਵੱਡੇ ਟੋਭੇ ਦਾ ਰੂਪ ਧਾਰ ਲੈਂਦੀ ਸੀ । ਇੰਝ ਪਿੰਡ ਦੇ ਟੋਭੇ ਦੀ ਸਥਾਪਨਾ ਦੇ ਇਤਿਹਾਸ ਨਾਲ ਟੋਭੇ ਦੀ ਲੋਕ ਸਾਂਝ ਜੁੜ ਜਾਂਦੀ ਸੀ । ਜਿੰਨਾ ਵੱਡਾ ਪਿੰਡ ਹੁੰਦਾ ਸੀ ਉਤਨਾ ਵੱਡਾ ਹੀ ਪਿੰਡ ਦਾ ਟੋਭਾ ਬਣ ਜਾਂਦਾ ਸੀ । ਕਈ ਪਿੰਡਾਂ ਵਿਚ ਇਕ ਤੋਂ ਵੱਧ ਟੋਭੇ ਵੀ ਹੁੰਦੇ ਹਨ ਜੋ ਪਿੰਡ ਦੀ ਸਾਂਝੀ ਮਲਕੀਅਤ ਹੁੰਦੇ ਹਨ ।

ਪੁਰਾਣੇ ਸਮਿਆਂ ਤੋਂ ਪਿੰਡਾਂ ਵਿਚ ਪਾਣੀ ਨੂੰ ਸਾਂਭਣ ਦਾ ਸਾਧਨ ਟੋਭੇ ਰਹੇ ਹਨ। ਮਨੁੱਖੀ-ਵਿਕਾਸ ਦੇ ਜੀਵਨ ਵਿਚ ਭਾਂਵੇਂ ਅੱਜ ਖੂਹਾਂ, ਨਹਿਰਾਂ, ਨਲਕਿਆਂ, ਟੂਟੀਆਂ ਤੇ ਟਿਊਬਵੈੱਲਾਂ ਨੇ ਬਹੁਤ ਸੁੱਖ ਤੇ ਪ੍ਰੀਵਰਤਨ ਲੈ ਆਂਦਾ ਹੈ ਪ੍ਰੰਤੂ ਪੇਂਡੂ ਸਭਿਆਚਾਰ ਵਿਚ ਟੋਭੇ ਜਨ-ਜੀਵਨ ਦਾ ਬਹੁਮੰਤਵੀ ਵਸੀਲਾ ਰਹੇ ਹਨ। ਪਿੰਡ ਦੇ ਪਸ਼ੂਆਂ ਨੂੰ ਪਾਣੀ ਪਿਲਾਉਣ ਤੇ ਨਹਾਉਣ ਦਾ ਟੋਭਾ ਇਕ ਮੁੱਖ ਅਸਥਾਨ ਹੈ। ਕਈ ਹੋਰ ਘਰੇਲੂ ਕੰਮ-ਕਾਰਾਂ ਲਈ ਵੀ ਟੋਭੇ ਤੋਂ ਪਾਣੀ ਵਰਤਿਆ ਜਾਂਦਾ ਹੈ। ਕੋਈ ਸਮਾਂ ਸੀ ਜਦੋਂ ਲੋਕੀ ਟੋਭੇ ਵਿਚ ਅਸ਼ਨਾਨ ਕਰਦੇ ਹੁੰਦੇ ਸੀ। ਪੇਂਡੂ ਬੱਚੇ ਹੁਣ ਵੀ ਨੰਗ-ਧੜੰਗੇ ਟੋਭੇ ਵਿਚ ਨਹਾਉਣਾ ਪਸੰਦ ਕਰਦੇ ਹਨ ਕਿਉਂਕਿ ਉਥੇ ਉਹਨਾਂ ਦਾ ਨਹਾਉਣਾ ਹਮਜੋਲੀਆਂ ਦੀ ਸਾਂਝੀ ਖੇਡ ਬਣ ਜਾਂਦਾ ਹੈ। ਪਿੰਡ ਦੇ ਗਭਰੂਆਂ ਨੂੰ ਕੁੱਦਣ, ਤੈਰਨ ਅਤੇ ਗੁੱਚੀਆਂ ਮਾਰਨ ਦੀ ਜਾਚ ਟੋਭੇ ਤੋਂ ਹੀ ਮਿਲਦੀ ਹੈ। ਸ਼ਹਿਰਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਇਹੋ ਟੋਭਾ ਸਰਕਾਰੀ ਖਰਚੇ ਨਾਲ ਸਵੀਮਿੰਗ ਪੂਲ ਬਣ ਜਾਂਦਾ ਹੈ ਜਿਥੇ ਤੈਰਾਕੀ-ਮੁਕਾਬਲੇ ਹੁੰਦੇ ਹਨ ਤੇ ਦਰਸ਼ਕਾਂ ਤੇ ਤਾਰੂਆਂ ਲਈ ਟਿਕਟ ਰਖੇ ਜਾਂਦੇ ਹਨ।

ਪਿੰਡਾਂ ਵਿਚ ਕਈ ਤਿੱਥ-ਤਿਉਹਾਰਾਂ ਦਾ ਟੋਭੇ ਨਾਲ ਗੂੜ੍ਹਾ ਸਬੰਧ ਹੈ। ਦੁਸਹਿਰੇ ਤੇ ਦੀਵਾਲੀ ਦੇ ਮੌਕੇ ਕੁੜੀਆਂ ਆਪਣੀ ਬਣਾਈ ਸਾਂਝੀ ਅਤੇ ਜੌਂ ਟੋਭੇ ਵਿਚ ਤਾਰਨ ਜਾਂਦੀਆਂ ਹਨ। ਗਿੱਧਾ ਪਾਉਂਦੀਆਂ ਤੇ ਗੀਤ ਗਾਉਂਦੀਆਂ ਹਨ।

ਕਿਸਾਨ ਲੋਕ ਸਣ ਤੇ ਸਣੀ ਤੇ ਗਰਨੇ (ਪੂਲੇ) ਟੋਭੇ ਵਿਚ ਗਲਣ ਲਈ ਦੱਬ ਦਿੰਦੇ ਹਨ ਤੇ ਕੁਝ ਦਿਨਾਂ ਬਾਅਦ ਉਹਨਾਂ ਨੂੰ ਕੱਢਕੇ ਟੋਭੇ ਦੀ ਪਾਲ (ਕਿਨਾਰਾ) ਤੇ ਸਣ ਨੂੰ ਤੀਲਿਆਂ ਤੋਂ ਵਖ ਕਰਕੇ ਕੱਢਦੇ ਹਨ। ਕਿੱਕਰ ਦੀ ਲੱਕੜ ਨੂੰ ਮਜ਼ਬੂਤ ਕਰਨ ਲਈ ਕਈ ਵੇਰ ਗੇਲੀਆਂ ਨੂੰ ਕੁਝ

ਸਮੇਂ ਲਈ ਟੋਭੇ ਵਿਚ ਦੱਬ ਦਿੱਤਾ ਜਾਂਦਾ ਹੈ ਤਾਂ ਜੋ ਕਿਸਾਨੀ ਦੇ ਸੰਦ ਚੰਗੇ ਬਣਾਏ ਜਾ ਸਕਣ। ਟੋਭੇ ਦੇ ਕਿਨਾਰੇ ਤੇ ਖੁੰਡਾਂ ਉਤੇ ਬੈਠੇ ਬਜੁਰਗ, ਆਪਣੇ ਵਿਹਲੇ ਸਮੇਂ ਨੂੰ ਕਿਸੇ ਨਾਂ ਕਿਸੇ ਦੰਦ-ਕਥਾ ਦੀ ਲੜੀ ਨਾਲ ਗੁਜ਼ਾਰਦੇ ਵੇਖੇ ਜਾ ਸਕਦੇ ਹਨ। ਹ ੜ੍ਹੀ ਦੀ ਵਾਢੀ ਤੋਂ ਪਹਿਲਾਂ ਕਣਕਾਂ ਦੀਆਂ ਭਰੀਆਂ ਬੰਨ੍ਹਣ ਲਈ ਕਿਸਾਨ ਤੇ ਕਾਮੇ ਟੋਭੇ ਕਿਨਾਰੇ ਬਟੇਰ, ਦਿੱਬ, ਬੱਬੜ, ਕਾਹੀ ਤੇ ਕਣਕ ਦੀ ਪੁਰਾਣੀ ਨਾਲੀ ਨੂੰ ਗਿੱਲੀ ਕਰ ਕਰ ਕੇ ਤੰਦੇ (ਬੇੜਾਂ, ਜਿਉਣੇ) ਵੱਟਦੇ ਹਨ ਤੇ ਬਿਰਛਾਂ ਦੀ ਠੰਢੀ ਛਾਂ ਦਾ ਆਨੰਦ ਮਾਣਦੇ ਹਨ।

ਬਰਸਾਤ ਤੋਂ ਪਹਿਲਾਂ ਹਰ ਸਾਲ ਪਿੰਡ ਦੇ ਲੋਕੀਂ ਆਪਣੇ ਕੱਚੇ ਮਕਾਨਾਂ ਨੂੰ ਲਿੱਪਣ ਪੋਚਣ ਲਈ ਅੱਧ ਸੁੱਕੇ ਟੋਭੇ ਵਿਚ ਗਾਰੇ ਦੇ ਘਾਣ ਕਰਦੇ ਹਨ। ਕੱਚੇ ਘਰਾਂ ਦੀ ਲਿੱਪ-ਪੋਚ ਟੋਭੇ ਦੀ ਮਿੱਟੀ ਨਾਲ ਹੀ ਹੁੰਦੀ ਹੈ। ਟੋਭੇ ਦੀ ਮਿੱਟੀ ਤੇ ਡਲਿਆਂ ਨਾਲ ਲੋਕੀਂ ਆਪਣੇ ਘਰਾਂ ਤੇ ਬਾੜਿਆਂ ਵਿਚ ਭਰਤ ਪਾਉਂਦੇ ਹਨ। ਪਿੰਡ ਦੀਆਂ ਮੁਟਿਆਰਾਂ ਚੀਕਣੀ ਮਿੱਟੀ ਨਾਲ ਮੱਟੀਆਂ, ਭੜੋਲੇ, ਚੁਲ੍ਹੇ ਤੇ ਕਈ ਹੋਰ ਮਿੱਟੀ ਦੀਆਂ ਵਸਤਾਂ ਬਣਾਉਂਦੀਆਂ ਹਨ। ਉਦੋਂ ਇਉਂ ਲੱਗਦਾ ਹੈ ਜਿਵੇਂ ਪਿੰਡ ਦੀ ਉਸਾਰੀ ਦੇ ਨਕਸ਼ ਟੋਭੇ ਵਿਚੋਂ ਘੜੇ ਜਾ ਰਹੇ ਹੋਣ।

ਕਈ ਪਿੰਡਾਂ ਵਿਚ ਟੋਭਿਆਂ ਦੇ ਪੱਕੇ ਘਾਟ ਬਣਾਏ ਹੁੰਦੇ ਹਨ ਜਿਥੇ ਪੇਂਡੂ ਔਰਤਾਂ ਤੇ ਮੁਟਿਆਰਾਂ ਕਪੜੇ ਧੋਣ ਲਈ ਜਾਂਦੀਆਂ ਹਨ ਤੇ ਮੌਕਾ ਤਾੜਕੇ ਨਹਾ ਵੀ ਲੈਂਦੀਆਂ ਹਨ। ਪੰਜਾਬੀ ਦੇ ਪੁਰਾਣੇ ਲੋਕ-ਗੀਤਾਂ ਵਿਚ ਅਜਿਹੇ ਰੁਮਾਂਟਿਕ-ਦ੍ਰਿਸ਼ਾਂ ਦਾ ਜ਼ਿਕਰ ਇਉਂ ਆਉਂਦਾ ਹੈ :


ਗੋਰੀ ਨਹਾ ਕੇ ਛੱਪੜ ਚੋਂ ਨਿਕਲੀ,
ਸੁਲਫੇ ਦੀ ਲਾਟ ਵਰਗੀ।

ਅਜੋਕੇ ਪੇਂਡੂ ਜੀਵਨ ਵਿਚ ਰਹਿਣ-ਸਹਿਣ ਦੀਆਂ ਨਵੀਆਂ

ਤਬਦੀਲੀਆਂ ਕਾਰਨ ਅਜਿਹੀਆਂ ਮੇਲ-ਮਿਲਾਪਾਂ ਅਤੇ ਰੌਣਕਾਂ ਵਿਸਰ ਰਹੀਆਂ ਹਨ ਜਿਹਨਾਂ ਦਾ ਜ਼ਿਕਰ ਸਾਡੇ ਲੋਕ-ਗੀਤ ਵੀ ਕਰੇ ਬਿਨਾਂ ਨਹੀਂ ਰਹਿੰਦੇ :

ਖੂਹਾਂ ਟੋਭਿਆਂ ਤੇ ਮਿਲਣੋਂ ਰਹਿ ਗਏ,
ਚੰਦਰੇ ਲੁਆ ਲਏ ਨਲਕੇ ।

ਟੋਭੇ ਤੇ ਆਥਣ ਦਾ ਦ੍ਰਿਸ਼ ਚਿੱਤਰਕਾਰ ਦੇ ਰੰਗੀਨ ਗਿੱਲੇ ਕੈਨਵਸ ਵਾਂਗ ਹੁੰਦਾ ਹੈ । ਟੋਭੇ ਦੇ ਪਾਣੀ ਵਿਚ ਡੁੱਬ ਰਹੇ ਸੂਰਜ ਦਾ ਸੰਧੂਰੀ ਰੰਗ. ਬਾਹਰੋਂ ਚਰਕੇ ਆਈਆਂ ਮੱਝੀਆਂ ਦਾ ਨਹਾਉਣਾ ਤੇ ਅਲਸਾਣਾ, ਕਿਨਾਰੇ ਤੇ ਗਾਲੜੀਆਂ, ਹਾਲੀਆਂ ਤੇ ਪਾਲੀਆਂ ਦੀ ਵਾਰਤਾਲਾਪ ਜਿਵੇਂ ਸਾਰੇ ਦਿਨ ਦੀ ਕਿਰਤੀ-ਜ਼ਿੰਦਗੀ ਇਕ ਰੰਗ-ਸ਼ਾਲਾ ਦਾ ਨਮੂਨਾ ਪੇਸ਼ ਕਰ ਰਹੀ ਹੋਵੇ । ਬਾਰਸ਼ਾ 'ਚ ਪਿੰਡ ਦੇ ਪਾਣੀ ਨਾਲ ਭਰਿਆ ਡਕੋ-ਡਕ ਟੋਭਾ ਮੁੜ ਤਾਂਬੇ ਰੰਗੇ ਪਾਣੀ ਦਾ ਕਟੋਰਾ ਬਣ ਜਾਂਦਾ ਹੈ । ਲੋੜ ਹੈ ਕਿ ਟੋਭਿਆਂ ਦੀ ਮੁਰੰਮਤ ਕਰਕੇ ਉਹਨਾਂ ਨੂੰ ਸਾਫ-ਸੁਥਰਾ ਤੇ ਸਜਾਵਟਦਾਰ ਬਣਾਇਆ ਜਾਵੇ ਤਾਂ ਜੋ ਲੋਕ-ਜੀਵਨ ਲਈ ਉਹਨਾਂ ਨੂੰ ਹੋਰ ਉਪਯੋਗੀ ਬਣਾਇਆ ਜਾ ਸਕੇ !



ਘਾਹ ਚਰਕੇ ਚਰਾਦੋਂ ਰੱਜੀਆਂ,
ਟੋਭੇ ਵਿਚ ਨ੍ਹਾਉਣ ਮੱਝੀਆਂ ।

## ਮਾਂਜਾ ਦੇਣ ਚੱਲੀਆਂ.......... !

ਸਾਡਾ ਪੰਜਾਬੀ ਸਭਿਆਚਾਰ ਰਸਮ ਰਿਵਾਜ਼ਾਂ ਨਾਲ ਭਰਪੂਰ ਹੈ। ਸਭਿਆਚਾਰ ਦੀ ਨੁਹਾਰ ਲੋਕਾਂ ਦੇ ਹੁੱਨਰਾਂ, ਸਮਾਜਿਕ ਤਰੀਕਿਆਂ, ਆਦਤਾਂ ਰਿਵਾਜ਼ਾਂ ਅਤੇ ਧਰਮ ਰਾਹੀਂ ਦ੍ਰਿਸ਼ਟਮਾਨ ਹੁੰਦੀ ਹੈ। ਜਾਂ ਇਉਂ ਕਹਿਣਾ ਅਤਿ ਕਥਨੀ ਨਹੀਂ ਹੋਵੇਗਾ ਕਿ ਸਾਡਾ ਸਭਿਆਚਾਰ ਸਾਡੇ ਸਮਾਜਿਕ ਤਜਰਬਿਆਂ ਦਾ ਫਲ ਹੈ।

ਹਰ ਪੀੜੀ, ਆਪਣੇ ਬਜ਼ੁਰਗਾਂ ਕੋਲੋਂ ਇਕ ਸੰਸਕ੍ਰਿਤੀ ਲੈਂਦੀ ਰਹਿੰਦੀ ਹੈ ਤੇ ਉਸ ਵਿਚ ਜੀਵਨ ਦੇ ਪ੍ਰੀਵਰਤਨ ਨਾਲ ਆਪਣੇ ਵਿੱਤ ਅਨੁਸਾਰ ਵਾਧਾ ਘਾਟਾ ਕਰਦੀ ਰਹਿੰਦੀ ਹੈ। ਆਉਣ ਵਾਲੀਆਂ ਪੀੜੀਆਂ ਉਸ ਸਭਿਆਚਾਰ ਦੇ ਵੱਖ ਵੱਖ ਮੁਹਾਂਦਰੇ, ਨਵੀਆਂ ਪੀੜੀਆਂ ਨੂੰ ਉਨਤ ਹੋਈ ਅਵਸਥਾ ਵਿਚ ਸੌਂਪਦੀਆਂ ਰਹਿੰਦੀਆਂ ਹਨ। ਇੰਜ ਸੰਸਕ੍ਰਤੀ ਦੀ ਧਾਰਾ ਨਿਰੰਤਰ ਵਗਦੇ ਹੋਏ ਦਰਿਆਂ ਵਾਂਗ ਸਾਡੇ ਜੀਵਨ ਨੂੰ ਸੰਚਾਰਦੀ ਹੋਈ ਇਕ ਅਨਿਖੜਵਾਂ ਅੰਗ ਬਣ ਜਾਂਦੀ ਹੈ। ਇੰਜ ਹੀ ਮਾਂਜਾ ਪਾਉਣ ਦੀ

ਸ਼ੁਭ ਰਸਮ ਸਾਡੇ ਪਿੰਡਾਂ ਵਿਚ ਅਜੇ ਵੀ ਆਪਸੀ ਮੇਲ-ਜੋਲ ਤੇ ਸਦ-ਭਾਵਨਾ ਦਾ ਸੰਦੇਸ਼ ਦਿੰਦੀ ਹੈ। ਇਹ ਰਸਮ ਕਦੋਂ ਸ਼ੁਰੂ ਹੋਈ ਤੇ ਇਸਦਾ ਮੂਲ-ਕਾਰਨ ਕੀ ਸੀ, ਇਸ ਬਾਰੇ ਕੋਈ ਜਾਣਕਾਰੀ ਨਹੀਂ ਮਿਲ ਸਕੀ। ਪ੍ਰੰਤੂ ਇਹ ਰਸਮ ਪਿੰਡਾਂ ਦੀਆਂ ਸਾਰੀਆਂ ਜਾਤਾਂ ਤੇ ਧਰਮਾਂ ਦੇ ਜੀਵਨ ਨਾਲ ਸਬੰਧ ਰੱਖਦੀ ਹੈ। ਉਂਜ ਵੇਖਿਆ ਜਾਵੇ ਤਾਂ ਇਹ ਸ਼ੁਭ ਰਸਮ ਪਿੰਡ ਦੇ ਲੋਕਾਂ ਦੇ ਆਪਸੀ ਸਾਂਝ ਦੇ ਮਨੋਭਾਵਾਂ ਨੂੰ ਚਿੱਤਰਦੀ ਹੈ।

ਪਿੰਡ ਵਿਚ ਜਦੋਂ ਵੀ ਕਿਸੇ ਲੜਕੇ ਜਾਂ ਲੜਕੀ ਦਾ ਵਿਆਹ ਰਚਾਉਣ ਦਾ ਅਵਸਰ ਆਉਂਦਾ ਹੈ ਤਾਂ ਨਾਇਣ ਦੇ ਸੱਦਾ ਦੇਣ ਨਾਲ ਇਸਦਾ ਪਤਾ ਲਗ ਜਾਂਦਾ ਹੈ। ਵਿਆਹ ਤੋਂ ਇਕ ਦੋ ਦਿਨ ਪਹਿਲਾਂ ਜਾ ਵਿਆਹ ਵਾਲੇ ਦਿਨ ਆਂਢ-ਗੁਆਂਢ ਦੀਆਂ ਤੀਵੀਂਆਂ ਤੇ ਮੁਟਿਆਰਾਂ ਵਿਆਹ ਵਾਲੇ ਘਰ ਮਾਂਜਾ ਦੇਣ ਜਾਂਦੀਆਂ ਹਨ। ਥਾਲ ਜਾਂ ਥਾਲੀਆਂ ਵਿਚ ਗੁੜ ਜਾਂ ਸ਼ੱਕਰ ਜਾਂ ਖੰਡ ਪਾਈ ਜਾਂਦੀ ਹੈ। ਕਈ ਪਰਿਵਾਰ ਦੀਆਂ ਔਰ ਤਾਚੀਨੀ, ਬਦਾਮ, ਛੁਆਰੇ ਤੇ ਕੂਜੇ ਮਾਂਜੇ ਵੱਜੋਂ ਭੇਟਾ ਕਰਦੀਆਂ ਹਨ। ਇਸ ਮਿੱਠੇ ਨਾਲ ਇਕ ਰੁਪਿਆ ਜਾਂ ਇਸ ਤੋਂ ਵੱਧ ਰਕਮ ਥਾਲ ਜਾਂ ਥਾਲੀ ਵਿਚ ਰੱਖ ਲਈ ਜਾਂਦੀ ਹੈ ਕਈ ਔਰਤਾਂ ਵਿਆਹੁਲੀ ਲੜਕੀ ਨੂੰ ਖੱਪੇ ਦੀ ਠੂਠੀ ਵੀ ਨਾਲ ਭੇਟਾ ਕਰਦੀਆਂ ਹਨ। ਇਸ ਸਮੱਗਰੀ ਨੂੰ ਰੁਮਾਲ ਜਾ ਪੋਣੇ ਨਾਲ ਢੱਕ ਕੇ ਵਿਆਹ ਵਾਲੇ ਘਰ ਉਸ ਘਰ ਦੀ ਸੁਆਣੀ ਨੂੰ ਸੌਂਪਿਆ ਜਾਂਦਾ ਹੈ। ਵਿਆਹ ਵਾਲੇ ਘਰੋਂ ਮਾਂਜਾ ਦੇਣ ਆਈਆਂ ਸੁਆਣੀਆਂ ਦੇ ਥਾਲਾਂ ਵਿਚ ਖੁਸ਼ੀ ਸਾਂਝੀ ਕਰਨ ਲਈ ਕੁਝ ਮਿਠਾਈ ਪਾ ਦਿੱਤੀ ਜਾਂਦੀ ਹੈ। ਮਾਂਜਾ ਦੇਣ ਆਈਆਂ ਔਰਤਾਂ ਤੇ ਮੁਟਿਆਰਾਂ ਵਿਆਹ ਨਾਲ ਸਬੰਧਤ ਕਾਫੀ ਸਾਰੀ ਜਾਣਕਾਰੀ ਉਸ ਘਰੋਂ ਗੱਲਾਂ ਗੱਲਾਂ ਵਿਚ ਹੀ ਪ੍ਰਾਪਤ ਕਰ ਲੈਂਦੀਆਂ ਹਨ ਤੇ ਆਪਸ ਵਿਚ ਦੰਦ-ਕਥਾ ਸਾਂਝੀ ਕਰਦੀਆਂ ਹਨ. ਉਸ ਦਿਨ ਤੋਂ ਹੀ ਲੜਕੇ ਜਾਂ ਲੜਕੀ ਨੂੰ ਮਾਂਜੇ ਪਾਇਆ ਕਿਹਾ

ਜਾਂਦਾ ਹੈ । ਲੜਕੇ ਦੇ ਵਿਆਹ ਵਾਲੇ ਘਰ ਇਕਠੀਆਂ ਹੋਈਆਂ ਔਰਤਾਂ ਇਹ ਗੀਤ ਗਾਉਂਦੀਆਂ ਹਨ :—

ਮੇਰੇ ਲਾਡ ਲਡੀਕੇ
ਕਿਹਨੇ ਤੈਨੂੰ ਮਾਂਜੜਾ ਦਿਆ,
ਮਾਤਾ ਮੇਰੀ ਸਰਬ ਸੁਹਾਗਣ, ਹੈ ਸਤਪੁੱਤੀ
ਉਸਨੇ ਮੈਨੂੰ ਮਾਂਜੜਾ ਦਿਆ,
ਗਿਰੂਏ, ਛਆਰੇ, ਸੱਤ ਪਕਵਾਨੀ
ਉਸਨੇ ਮੈਨੂੰ ਮਾਂਜੜਾਂ ਦਿਆ ।

ਇਸ-ਸ਼ੁਭ ਦਿਨ ਦੀ ਉਡੀਕ ਵਿਚ ਜਿੱਥੇ ਅੰਤਾਂ ਦੀ ਖੁਸ਼ੀ ਹੁੰਦੀ ਹੈ, ਉਥੇ ਲੜਕੀ ਦੇ ਵਿਆਹ ਵਾਲੇ ਬਾਬਲ ਵਿਹੜੇ ਇਕ ਸੋਚ ਦਾ ਅਹਿਸਾਸ ਗੀਤ ਦਾ ਇਉਂ ਰੂਪ ਲੈਂਦਾ ਹੈ :—

ਬੀਬੀ ਤੇਰੇ ਬਾਬਲ ਧਰਮੀ ਨੇ,
ਕਾਜ ਰਚਾਇਆ ਮਾਂਜੜੇ ਪਾਇਆ ।
ਬਾਬਲ ਧਰਮੀ, ਤੈਂ ਕਿਉਂ ਸੀਸ ਨਿਵਾਇਆ ?
ਤੂੰ ਜਨਮੀਂ ਸਿਰ ਗੋਡੜੀਂ ਪਾਇਆ !
ਬਾਬਲ ਧਰਮੀ ਮੈਂ ਜਨਮੀ ਘਰ ਸਾਜਨ ਆਇਆ।

ਹੋ ਸਕਦਾ ਹੈ ਕਿ ਮਾਂਜੇ ਦੀ ਰਸਮ ਕਿਸੇ ਰਾਜੇ ਮਹਾਰਾਜੇ ਦੇ ਸ਼ਾਹੀ ਮਹਿਲਾਂ ਤੋਂ ਅਰੰਭ ਹੋਈ ਹੋਵੇ ਪ੍ਰੰਤੂ ਇਹ ਵਿਆਹ ਵਾਲੇ ਘਰ ਦੀ ਖੈਰ ਮੰਗਣ ਵਾਲੀ ਪੇਂਡੂ-ਸਮਾਜ ਦੀ ਸੁਮੇਲਤਾ ਦਾ ਚਿੰਨ੍ਹ ਜਰੂਰ ਆਖੀ ਜਾ ਸਕਦੀ ਹੈ । ਇਸ ਨਾਲ ਜਿਥੇ ਵਿਆਹ ਵਾਲੇ ਘਰ ਕੁਝ ਰਕਮ ਇਕੱਠੀ ਹੋ ਜਾਂਦੀ ਹੈ, ਉਥੇ ਉਸ ਘਰ ਦੀ ਪਿੰਡ ਵਿਚ ਅਸਰ-ਰਸੂਖ ਦੀ ਝਲਕੀ ਵੀ ਮੂਰਤੀਮਾਨ ਹੁੰਦੀ ਹੈ ।

# ਪੇਂਡੂ-ਸੁਆਣੀ ਦੇ ਚੁੱਲ੍ਹੇ ਦਾ ਇੰਨਣ

ਜਦੋਂ ਤੋਂ ਆਦਿ- ਮਨੁੱਖ ਨੂੰ ਖਾਣੇ ਪੀਣੇ ਦੀਆ ਵਸਤਾਂ ਅੱਗ 'ਤੇ ਪਕਾਕੇ ਖਾਣ ਦੀ ਆਦਤ ਪਈ ਹੈ ਉਦੋਂ ਤੋਂ ਹੀ ਉਸਦੇ ਚੁੱਲ੍ਹੇ ਦੇ ਇੰਨਣ (ਬਾਲਣ) ਦੀ ਮੁੱਢਲੀ ਲੋੜ ਪੈਦਾ ਹੋ ਗਈ। ਪ੍ਰਾਚੀਨ-ਯੁੱਗ ਵਿਚ ਉਸਦੀ ਇਨਣ ਦੀ ਲੋੜ ਜੰਗਲਾਂ 'ਚ ਪੂਰੀ ਹੋ ਜਾਂਦੀ ਸੀ ਜਿਸ ਕਾਰਨ ਬਾਲਣ ਦੀ ਘਾਟ ਉਸਦੀ ਸਮੱਸਿਆ ਨਹੀਂ ਸੀ। ਪਰ ਅੱਜ ਦੇ ਯੁੱਗ ਵਿਚ ਮਨੁੱਖ ਸਭਿਅਤਾ ਦੇ ਕਿੰਨੇ ਹੀ ਪੜਾਅ ਲੰਘ ਆਇਆ ਹੈ ਜਿਸ ਕਾਰਨ ਹੁਣ ਉਸਦਾ ਜੀਵਨ ਵਿਗਿਆਨਕ-ਕਾਢਾਂ ਕਾਰਨ ਸਹੂਲਤਾਂ ਵਾਲਾ ਬਣ ਗਿਆ ਹੈ। ਪ੍ਰੰਤੂ ਚੁੱਲ੍ਹੇ ਦੇ ਇੰਨਣ ਦੀ ਚਿੰਤਾ ਉਸ ਲਈ ਇਕ ਸਮੱਸਿਆ ਬਣਦੀ ਜਾ ਰਹੀ ਹੈ।

ਜਿਥੋਂ ਤੱਕ ਪੇਂਡੂ ਸੁਆਣੀ ਦੇ ਚੁੱਲ੍ਹੇ ਦੇ ਸੁੱਕੇ ਇੰਨਣ ਦੀ ਗੱਲ ਹੈ ਉਸ ਲਈ ਉਸਦਾ ਫਿਕਰਵੰਦ ਹੋਣਾ ਉਸਦੇ ਰੋਜ਼ਾਨਾ ਕਿਰਤੀ ਜੀਵਨ ਤੋਂ ਪਰਤੱਖ ਹੁੰਦਾ ਹੈ। ਸ਼ਹਿਰਾਂ 'ਚ ਭਾਂਵੇਂ ਸਟੋਵ, ਹੀਟਰ, ਕੋਲਾ ਤੇ ਗੈਸ

ਦੀਆਂ ਸਹੂਲਤਾਂ ਪ੍ਰਾਪਤ ਹੋ ਜਾਂਦੀਆਂ ਹਨ ਪ੍ਰੰਤੂ ਪਿੰਡਾਂ ਵਿਚ ਅਜੇ ਰੋਟੀ ਟੁੱਕ ਤੇ ਰਸੋਈ ਦੇ ਕੰਮਾਂ ਲਈ ਮਿੱਟੀ ਦਾ ਚੁੱਲ੍ਹਾ ਹੀ ਵਰਤਿਆ ਜਾਂਦਾ ਹੈ ਜਿਸ ਲਈ ਲੱਕੜ ਤੇ ਪਾਥੀਆਂ ਹੀ ਵਧੇਰੇ ਕਰਕੇ ਇੰਨਣ ਵਜੋਂ ਵਰਤੀਆਂ ਜਾਂਦੀਆਂ ਹਨ । ਕਾਸ਼ਤਕਾਰ ਘਰਾਂ ਦੀਆਂ ਸੁਆਣੀਆਂ ਮਾਲ-ਡੰਗਰ ਤੇ ਗੋਹੇ ਤੋਂ ਪਥਵਾੜਿਆਂ 'ਚ ਪਾਥੀਆਂ ਪੱਥ ਪੱਥ ਸੁਕਾ ਲੈਂਦੀਆਂ ਹਨ ਤੇ ਬਰਸਾਤ ਤੋਂ ਪਹਿਲਾਂ ਉਹਨਾਂ ਨੂੰ ਗੁਹਾਰਿਆਂ 'ਚ ਜਮਾਂ ਕਰ ਲੈਂਦੀਆਂ ਹਨ ਤੇ ਲੋੜ ਸਮੇਂ ਵਰਤਦੀਆਂ ਰਹਿੰਦੀਆਂ ਹਨ । ਖੇਤਾਂ 'ਚ ਉਗਾਈਆਂ ਕਈ ਫਸਲਾਂ ਵੀ ਇੰਨਣ ਦੇ ਕੰਮ ਆਉਂਦੀਆਂ ਹਨ ਜਿਵੇਂ ਕਪਾਹ ਦੀਆਂ ਛਟੀਆਂ, ਤਿਲਛੰਡੇ (ਸਲਰੇ) ਖੋਈ, ਟਾਂਡੇ, ਗੁੱਲੇ, ਅਰਹਰ ਦੀਆਂ ਚਟੀਆਂ, ਸੁੱਕੇ ਕਮਾਦ ਦੇ ਜੂੜੇ ਆਦਿ । ਖੇਤਾਂ 'ਚ ਵੱਟਾਂ ਬੰਨਿਆਂ ਤੇ ਖੜੇ ਰੁੱਖਾਂ ਤੇ ਬਾਗਾਂ ਦੇ ਬੂਟਿਆਂ ਦਾ ਝਾਂਗੜ ਤੇ ਝਿੰਗਾਂ ਆਦਿ ਕਿਸਾਨ ਆਪਣੇ ਬਾੜਿਆਂ 'ਚ ਸੁੱਕਣ ਲਈ ਢੇਰ ਲਾ ਦਿੰਦੇ ਹਨ ਤੇ ਪੇਂਡੂ ਸੁਆਣੀਆਂ ਉਸਨੂੰ ਵਰਤਦੀਆਂ ਰਹਿੰਦੀਆਂ ਹਨ ।

ਪ੍ਰੰਤੂ ਪਿੰਡਾਂ 'ਚ ਗੈਰ-ਕਾਸ਼ਤਕਾਰ ਘਰਾਂ ਦੀਆਂ ਸੁਆਣੀਆਂ ਨੂੰ ਬਾਲਣ ਦੀ ਸਮੱਸਿਆ ਲਈ ਬੜੀ ਮਿਹਨਤ ਕਰਨੀ ਪੈਂਦੀ ਹੈ । ਆਰਥਿਕ ਮੰਦਹਾਲੀ ਕਾਰਨ ਉਹਨਾਂ ਨੂੰ ਬਾਲਣ ਵਾਲੀ ਲੱਕੜ ਖਰੀਦਣੀ ਬਹੁਤ ਮੁਸ਼ਕਲ ਹੁੰਦੀ ਹੈ ਤੇ ਨਾਂ ਹੀ ਸ਼ਹਿਰਾਂ ਵਾਂਗ ਪਿੰਡਾਂ 'ਚ ਲੱਕੜ ਦੀਆਂ ਟਾਲਾਂ ਹੁੰਦੀਆਂ ਹਨ । ਸੋ ਸਵੇਰੇ ਹੀ ਪਿੰਡ ਦਾ ਮਾਲ-ਡੰਗਰ ਖੁਲ੍ਹਣ ਸਮੇਂ ਗੋਹੇ ਦ ਢੇਸੀਆਂ ਇਕੱਠੀਆਂ ਕਰਨ ਲਈ ਉਹ ਆਪ ਜਾਂ ਆਪਣੇ ਨਿੱਕੇ ਬੱਚਿਆਂ ਨੂੰ ਤਸਲੇ ਜਾਂ ਟੋਕਰੀਆਂ ਦੇ ਕੇ ਭੇਜ ਦਿੰਦੀਆਂ ਹਨ । ਇੰਝ ਮਿਹਨਤ ਨਾਲ ਇਕੱਠੇ ਕੀਤੇ ਗੋਹੇ ਤੋਂ ਉਹ ਆਪਣੇ ਪਥਵਾੜਿਆਂ ਵਿਚ ਪਾਥੀਆਂ ਪੱਥਕੇ ਇੰਨਣ ਪੂਰਾ ਕਰਦੀਆਂ ਹਨ । ਇਸ ਤੋਂ ਬਿਨਾਂ ਬਾਹਰ ਖੇਤਾਂ 'ਚ ਜਾਕੇ ਉਹ ਫਸਲਾਂ ਦੇ ਜੂੜੇ ਤੇ ਰਹਿੰਦ-ਖੂੰਹਦ ਦੀਆਂ ਭਰੋਟੀਆਂ

ਬੰਨ ਕੇ ਬਾਲਣ ਇਕੱਠਾ ਕਰਦੀਆਂ ਰਹਿੰਦੀਆਂ ਹਨ। ਬਾਹਰ ਰੁੱਖਾਂ ਤੋਂ ਸਰੱਕ, ਛਿੱਲਕ ਤੇ ਟਾਹਣੀਆਂ ਤੋੜਕੇ ਅਤੇ ਡੱਕੇ ਤੇ ਤਿੰਬੜੀਆਂ ਲਿਆਕੇ ਚੁੱਲ੍ਹੇ ਦਾ ਇੰਨਣ ਜਮਾਂ ਕਰਨਾਂ ਉਹਨਾਂ ਦੇ ਜਰੂਰੀ ਕੰਮਾਂ, ਚੋਂ ਇਕ ਹੈ। ਘਾਹ ਦੀਆਂ ਪੰਡਾਂ ਦੇ ਵਾਂਗ ਉਹ ਇੰਨਣ ਦੀਆਂ ਭਰੋਟੀਆਂ ਸਿਰਾਂ, ਤੇ ਨਿੱਤ ਦਿਹਾੜੇ ਢੋਂਦੀਆਂ ਰਹਿੰਦੀਆਂ ਹਨ। ਬਰਸਾਤ ਦੀਆਂ ਝੜੀਆਂ ਵਿਚ ਸੁੱਕੇ ਇੰਨਣ ਦੀ ਚਿੰਤਾ ਸੁਆਣੀ ਨੂੰ ਘਰ ਦੀਆਂ ਹੋਰ ਤੋਟਾਂ ਵਾਂਗ ਇਕ ਵੱਡੀ ਸਮੱਸਿਆ ਬਣੀ ਰਹਿੰਦੀ ਹੈ। ਸੁੱਕਾ ਇੰਨਣ ਨਾ ਹੋਣ ਕਾਰਨ ਚੁੱਲ੍ਹੇ ਦੇ ਧੂੰਏਂ ਨਾਲ ਮੱਥਾ ਫੋੜਦੀ ਸੁਆਣੀ ਦੀਆਂ ਅੱਖਾਂ ਰਹਿ ਜਾਂਦੀਆਂ ਹਨ। ਚੁੱਲ੍ਹੇ ਦਾ ਤਪ ਉਹਨਾਂ ਲਈ ਰੋਜ਼ਾਨਾ ਭਗਤੀ ਵਾਂਗ ਹੁੰਦਾ ਹੈ।

ਕਈ ਸੁਆਣੀਆਂ ਭੱਠਿਆਂ ਤੋਂ ਬੁਝੇ ਹੋਏ ਕੋਲਿਆਂ ਨਾਲ ਅੰਗੀਠੀ ਭਖਾ ਕੇ ਰੋਟੀ ਟੁੱਕ ਦਾ ਕੰਮ ਕਰਦੀਆਂ ਹਨ। ਇਹ ਕੋਲਾ ਉਹਨਾਂ ਨੂੰ ਸਸਤੇ ਭਾਅ ਮਿਲ ਜਾਂਦਾ ਹੈ। ਦਿਨ ਬਦਿਨ ਲੱਕੜ ਮਹਿੰਗੀ ਹੋਣ ਕਾਰਨ ਇੰਨਣ ਦੀ ਤੰਗੀ ਵੱਧਦੀ ਹੀ ਜਾ ਰਹੀ ਹੈ। ਸੋ ਲੋੜ ਹੈ ਕਿ ਵੱਧ ਤੋਂ ਵੱਧ ਰੁੱਖ ਲਾਏ ਜਾਣ ਤੇ ਗੋਹੇ ਦੀਆਂ ਪਾਥੀਆਂ ਜਾਲਣ ਦੀ ਥਾਂ ਖੇਤਾਂ 'ਚ ਸੋਨਾ ਉਗਲਣ ਲਈ-ਦੇਸੀ-ਖ ਦ ਦੀ ਵਰਤੋਂ ਵੱਧ ਤੋਂ ਵੱਧ ਕੀਤੀ ਜਾਵੇ। ਖੇਤਾਂ 'ਚ ਅਜਿਹੀਆਂ ਫਸਲਾਂ ਬੀਜੀਆਂ ਜਾਣ ਜਿਹੜੀਆਂ ਇੰਨਣ ਬਣਨ ਦੇ ਕੰਮ ਵੀ ਆ ਸਕਣ। ਪਿੰਡਾਂ ਵਿਚ ਸਹਿਕਾਰੀ ਗੋਬਰ ਗੈਸ ਪਲਾਂਟ, ਗੈਸ ਚੁੱਲ੍ਹੇ ਤੇ ਹੋਰ ਸ਼ਹਿਰੀ ਸਹੂਲਤਾਂ ਉਪਲਬਧ ਕਰਾਉਣ ਲਈ ਸਰਕਾਰ ਨੂੰ ਨਵੀਆਂ ਯੋਜਨਾਵਾਂ ਚਾਲੂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਗਰੀਬ ਪੇਂਡੂ-ਸੁਆਣੀਆਂ ਨੂੰ ਚੁੱਲ੍ਹੇ ਦੇ ਇੰਨਣ ਦੀ ਚਿੰਤਾ ਤੋਂ ਰਾਹਤ ਮਿਲ ਸਕੇ ਤੇ ਗਿੱਲੇ-ਗੋਟੇ ਵਾਂਗ ਧੁਖਦਾ ਜੀਵਨ ਸੁੱਖ ਮਾਣ ਸਕੇ।


# ਘੜੇ ਦੀ ਸਭਿਆਚਾਰਕ-ਸਾਂਝ

ਕਿਸੇ ਚੀਜ਼ ਦੇ ਅਕਾਰ ਜਾਂ ਉਸਦੇ ਮੁੱਲ ਦੇ ਪੱਖੋਂ ਉਸ ਦੀ ਸਾਂਝ ਸਾਡੇ ਜੀਵਨ ਨਾਲ ਜੁੜਨੀ ਜ਼ਰੂਰੀ ਨਹੀਂ, ਸਗੋਂ ਕਈ ਸਧਾਰਨ ਚੀਜ਼ਾਂ ਦੀ ਥਾਂ ਸਾਡੇ ਸਭਿਆਚਾਰ ਨਾਲੋਂ ਅਨਿਖੜਵੀਂ ਹੋ ਜਾਂਦੀ ਹੈ। ਇੱਦਾਂ ਦੀ ਸਾਂਝ ਸਾਡੇ ਜੀਵਨ ਨਾਲ ਘੜੇ ਦੀ ਜੁੜੀ ਹੋਈ ਹੈ। ਘੜਾ ਘੁਮਿਆਰ ਦੇ ਹੱਥਾਂ ਨਾਲ ਸਿਰਜੀ ਮਿੱਟੀ ਦੀ ਇਕ ਉਪਯੋਗੀ ਤੇ ਹੁਨਰੀ ਕਿਰਤ ਹੈ। ਘੜਾ ਗਰੀਬ ਅਮੀਰ ਲਈ ਪਾਣੀ ਨੂੰ ਸਾਂਭਣ ਲਈ ਸਭ ਤੋਂ ਸਸਤਾ ਭਾਂਡਾ ਹੈ। ਘੜੇ 'ਚ ਰੱਖੇ ਪਾਣੀ ਦਾ ਸੁਆਦ ਵੱਖਰਾ ਹੀ ਹੁੰਦਾ ਹੈ। ਕੋਰੇ ਘੜੇ ਦਾ ਪਾਣੀ ਬੜਾ ਸੀਤਲ ਤੇ ਪੱਕੀ ਮਿੱਟੀ ਦੀ ਮਹਿਕ ਵਾਲਾ ਹੁੰਦਾ ਹੈ। ਵਿਗਿਆਨਕ ਯੁੱਗ ਵਿਚ ਠੰਡੇ ਪਾਣੀ ਲਈ ਬਰਫ, ਫਰਿਜ਼, ਕੂਲਰ ਆਦਿ ਦੀ ਸਹੂਲਤ ਭਾਂਵੇਂ ਕਿੰਨੀ ਹੀ ਵਰਤੋਂ ਵਿਚ ਆ ਜਾਵੇ। ਪ੍ਰੰਤੂ ਸਾਡੇ ਪੇਂਡੂ ਜੀਵਨ ਵਿਚ ਘੜੇ ਦੀ ਥਾਂ ਨਿਵੇਕਲੀ ਹੀ ਹੈ।

ਚੰਗੀ ਮਿੱਟੀ ਲਿਆ ਕੇ ਉਸ ਨੂੰ ਮਲ ਗੁੰਨ੍ਹ ਕੇ ਘਾਣਾ ਤਿਆਰ ਕਰਨ

ਵਿਚ ਘੁਮਿਆਰ ਦੀ ਕਰੜੀ ਮਿਹਨਤ ਲਗਦੀ ਤੇ ਫਿਰ ਉਸ ਗਾਰੇ 'ਚੋਂ ਘੁੰਮਦੇ ਚੱਕ ਉਤੇ ਉਸ ਨੂੰ ਘੜੇ ਦਾ ਰੂਪ ਦੇਣ ਦਾ ਦ੍ਰਿਸ਼ ਬੜਾ ਰੁਮਾਂਟਿਕ ਲਗਦਾ ਹੈ। ਕਵੀ ਦੀ ਛੰਦਬੱਧ ਕਵਿਤਾ ਵਾਂਗ ਘੁਮਿਆਰ ਨੂੰ ਵੀ ਆਪਣੀ ਕਿਰਤ ਦਾ ਬੜਾ ਖਿਆਲ ਰੱਖਣਾ ਪੈਂਦਾ ਹੈ। ਆਬੇ ਵਿਚ ਉਸ ਨੂੰ ਫਿਰ ਇਕ ਖਾਸ ਦਰਜੇ ਦੀ ਅੱਗ ਨਾਲ ਪਕਾਉਣ ਦਾ ਢੰਗ ਸਾਨੂੰ ਸਿਧ ਘਾਟੀ ਦੀ ਪ੍ਰਾਚੀਨ ਸਭਅਤਾ ਦੀ ਖੁਦਾਈ ਤੋਂ ਮਿਲੇ ਮਿੱਟੀ ਦੇ ਭਾਂਡਿਆਂ ਦਾ ਨਮੂਨਾ ਹੈਰਾਨ ਕਰ ਦਿੰਦਾ ਹੈ। ਸਮੇਂ ਸਮੇਂ ਲੋੜ ਅਨੁਸਾਰ ਘੜੇ ਦਾ ਆਕਾਰ ਛੋਟਾ, ਵੱਡਾ ਤੇ ਸਜਾਵਟੀ ਬਣਾ ਲਿਆ ਜਾਂਦਾ ਹੈ ਜਿਵੇਂ ਘੜੋਲਾ ਘੜੋਲੀ, ਮੱਘਾ, ਮਟਕਾ, ਮੱਟ, ਸੁਰਾਹੀ ਆਦਿ। ਘੜੇ ਦੀ ਪਰਖ ਟੁਣਕਾ ਕੇ ਬਲਦ ਦੀ ਪਰਖ ਵਾਹ ਕੇ ਅਤੇ ਮਨੁੱਖ ਦੀ ਪਰਖ ਵਾਹ ਪੈ ਕੇ ਹੁੰਦੀ ਹੈ। ਮਨੁੱਖ ਦੀ ਇਹ ਆਮ ਪ੍ਰਵਿਰਤੀ ਹੈ ਕਿ ਉਹ ਆਪਣੀ ਹਰ ਚੀਜ਼ ਦੂਜੇ ਤੋਂ ਵਧੀਆ ਕਹਾਉਣੀ ਚਾਹੁੰਦਾ ਹੈ। ਸ਼ਾਇਦ ਇਸੇ ਕਾਰਨ ਇਹ ਮੁਹਾਵਰਾ ਜੁੜ ਗਿਆ ਕਿ ਘੁਮਿਆਰੀ ਆਪਣਾ ਭਾਂਡਾ ਸਰਾਹੁੰਦੀ ਹੀ ਹੈ।

ਪੁਰਾਣੇ ਸਮਿਆਂ ਵਿਚ ਮੂੰਹ ਘੜੇ ਉੱਤੇ ਤੈਰਨਾ ਸਿਖਿਆ ਜਾਂਦਾ ਸੀ। ਘੜੇ ਅਤੇ ਔਰਤ ਦੀ ਸਾਂਝ ਪੰਜਾਬ ਦੇ ਪ੍ਰੀਤ-ਸਾਹਿਤ ਵਿਚ ਵਰਨਣਯੋਗ ਹੈ। ਕਿੱਸਾਕਾਰੀ ਤੇ ਆਧੁਨਿਕ ਸਾਹਿਤ ਤਕ 'ਸੋਹਣੀ-ਮਹੀਂਵਾਲ' ਦੀ ਪ੍ਰੀਤ-ਗਾਥਾ ਦਾ ਜ਼ਿਕਰ, ਸੋਹਣੀ ਦਾ ਰਾਤੀਂ ਝਨਾਂ ਨੂੰ ਘੜੇ ਉੱਤੇ ਤਰ ਕੇ ਪਾਰ ਕਰਨਾ, ਸਿਦਕੀ-ਇਸ਼ਕ ਦੀ ਗੁਆਹੀ ਹੈ। ਅਜੇ ਵੀ ਪਿੰਡਾਂ ਵਿਚ ਖੂਹਾਂ ਉੱਤੇ ਮੁਟਿਆਰਾਂ ਦਾ ਘੜੇ ਭਰਨਾ ਤੇ ਲੱਜਾਂ ਨੂੰ ਹੱਝਕੇ ਮਾਰ ਕੇ ਘੜੇ ਕੱਢਣਾ ਤੇ ਫਿਰ ਸਿਰਾਂ ਜਾਂ ਢਾਕਾਂ ਤੇ ਘੜੇ ਰੱਖ ਕੇ ਤੁਰਨ ਦਾ ਲਚਕਾਂ ਭਰਦਾ ਜੋਬਨੀ ਦ੍ਰਿਸ਼ ਬੜਾ ਮਨਮੋਹਕ ਹੁੰਦਾ ਹੈ। ਕੁੜੀ ਦਾ ਘੜਾ ਚੁੱਕ ਲੈਣ ਦਾ ਬਲ ਉਸ ਦੀ ਉਭਰਦੀ ਜੁਆਨੀ ਦੀ ਨਿਸ਼ਾਨੀ ਹੈ। ਖੁਸ਼ੀ ਦੇ ਮੌਕੇ ਤੇ ਜੀਵੀਆਂ ਦੇ ਝੁਰਮਟ ਵਿਚ ਮੁਟਿਆਰਾਂ



ਘੜੇ ਭਰਨ ਖੂਹੇ 'ਤੇ ਜੁੜੀਆਂ,
ਝੂਮ ਝੂਮ ਜਾਣ ਕੁੜੀਆਂ ।

ਘੜੇ ਲੈ ਕੇ ਗਿੱਧਾ ਪਾਉਂਦੀਆਂ ਹਨ ਤੇ ਨੱਚਦੀਆਂ ਹੋਈਆਂ ਇਹ ਗੀਤ ਗਾਉਂਦੀਆਂ ਹਨ :—

ਕਦੀ ਆਰ ਸੋਹਣੀਏ ਕਦੀ ਪਾਰ
ਸੋਹਣੀਏ,
ਘੜਾ ਚੁੱਕ ਲੈ, ਦੰਦਾਂ ਦੇ ਭਾਰ
ਸੋਹਣੀਏ ।

ਪਿੰਡਾਂ ਵਿਚ ਔਰਤਾਂ ਦਾ ਪੁਰਾਣੇ ਘੜੇ ਮੂੰਦੇ ਮਾਰ ਕੇ ਸੇਵੀਆਂ ਵੱਟਣ ਦਾ ਕੰਮ ਕਿਰਤੀ-ਹੱਥਾਂ ਦੀ ਨਾਟਕੀ ਝਾਕੀ ਪੇਸ਼ ਕਰਦਾ ਹੈ । ਭਾਵੇਂ ਇਸ ਕੰਮ ਲਈ ਸੇਵੀਆਂ ਵੱਟਣ ਦੀ ਮਸ਼ੀਨ (ਜ਼ਿੰਦੀ) ਵਰਤੋਂ ਵਿਚ ਆ ਗਈ ਹੈ ਪਰ ਕਈ ਔਰਤਾਂ ਹੱਥ ਘੜੇ ਦੀਆਂ ਸੇਵੀਆਂ ਦੀ ਸੁੱਖ ਜ਼ਰੂਰ ਤਾਰਦੀਆਂ ਹਨ । ਦੂਜੇ ਪਾਸੇ ਕਣਕ ਦੀ ਵਾਢੀ ਸਮੇਂ ਵਢਾਵਿਆਂ ਦੀ ਤ੍ਰਿਹ ਮਿਟਾਉਣ ਲਈ ਘੜੇ ਚੋਂ ਪਾਣੀ ਪਿਲਾਉਂਦੇ ਫਿਰਦੇ ਕੰਮੀ ਇਸ ਸਦ-ਭਾਵਨਾ ਦਾ ਵਸੀਲਾ ਪੇਸ਼ ਕਰਦੇ ਹਨ ਤੇ ਆਪਣਾ ਲਾਗ ਮੰਗਦੇ ਹਨ । ਘੜੇ ਨਾਲ ਸਬੰਧਿਤ ਬਹੁਤ ਸਾਰੇ ਦ੍ਰਿਸ਼, ਝਾਕੀਆਂ, ਪ੍ਰੀਤ-ਕਹਾਣੀਆਂ ਆਦਿ ਚਿਤਰਕਾਰਾਂ ਦੀਆਂ ਕਲਾ ਕਿਰਤਾਂ ਦੇ ਰੰਗਾਂ ਦੀ ਵੀ ਪ੍ਰਦਰਸ਼ਨੀ ਹਨ । ਸ੍ਰ: ਸ਼ੋਭਾ ਸਿੰਘ ਚਿਤ੍ਰਕਾਰ ਦੇ ਸੁਪ੍ਰਸਿਧ ਚਿਤਰ 'ਸ਼ੋਹਣੀ-ਮਹੀਵਾਲ' ਵਿਚ ਘੜਾ ਪ੍ਰੀਤ ਮਿਲਣੀ ਨੂੰ ਸੁਮੇਲਦਾ ਹੈ ।

ਸਾਡੇ ਜੀਵਨ ਦੇ ਕਈ ਹੋਰ ਕੰਮਾਂ ਵਿਚ ਵੀ ਘੜੇ ਦੀ ਵਰਤੋਂ ਹੁੰਦੀ ਹੈ । ਗਰੀਬ ਔਰਤਾਂ ਪੁਰਾਣੇ ਘੜਿਆਂ ਵਿਚ ਅਨਾਜ ਤੇ ਕਈ ਹੋਰ ਵਸਤਾਂ ਪਾ ਰੱਖਦੀਆਂ ਹਨ । ਸਿਰਕਾ ਤਿਆਰ ਕਰਨ ਲਈ ਘੜਿਆ ਵਿਚ ਗੰਨੇ ਦਾ ਰਸ ਬੰਦ ਕਰਕੇ ਰੱਖਿਆ ਜਾਂਦਾ ਹੈ । ਪਿੰਡਾਂ ਵਿਚ ਦੇਸੀ ਦਾਰੂ ਦਾ ਲਾਹਣ ਘੜਿਆਂ ਵਿਚ ਪਾ ਕੇ ਹੀ ਲਕੋਇਆ ਜਾਂਦਾ ਹੈ । ਪਾਣੀ ਵਿਚ ਡੁੱਬੇ ਹੋਏ ਬੰਦੇ ਨੂੰ ਮੂੰਦੇ ਘੜੇ ਉੱਤੇ ਪੇਟ ਭਾਰ ਪਾ ਕੇ ਜਾਨ ਬਚਾਉਣ ਦਾ ਤਰੀਕਾ

ਵਰਤਿਆ ਜਾਂਦਾਂ ਹੈ ਤਾਂ ਜੋ ਪੇਟ 'ਚ ਪਿਆ ਪਾਣੀ ਸਹਿਜੇ ਹੀ ਮੂੰਹ ਰਾਹੀਂ ਕੱਢਿਆ ਜਾ ਸਕੇ। ਪਾਣੀ ਨੂੰ ਸਾਫ ਕਰਨ ਦਾ ਤਿੰਨ ਘੜਿਆਂ ਦਾ ਪੁਰਾਣਾ ਤਰੀਕਾ ਵਰਤਿਆਂ ਜਾਂਦਾ ਰਿਹਾ ਹੈ। ਸਿੱਖ ਮਰਯਾਦਾ ਅਨੁਸਾਰ, ਅਖੰਡ-ਪਾਠ ਆਰੰਭ ਕਰਨ ਸਮੇਂ ਕੋਰੇ ਘੜੇ ਵਿਚ ਜਲ ਰੱਖਿਆ ਜਾਂਦਾ ਹੈ ਜਿਸ ਨੂੰ ਅੰਮ੍ਰਿਤ ਕਰਕੇ ਜਾਣਿਆਂ ਜਾਂਦਾ ਹੈ। ਮੁਸਲਿਮ ਰੀਤ ਅਨੁਸਾਰ ਮ੍ਰਿਤਕ ਨੂੰ ਕਬਰ ਵਿਚ ਦਫਨਾਉਣ ਸਮੇਂ ਘੜਿਆਂ ਦੀ ਵਰਤੋਂ ਕੀਤੀ ਜਾਂਦੀ ਹੈ।

ਹਿੰਦੂ ਤੇ ਸਿੱਖ ਪਰਿਵਾਰਾਂ ਵਿਚ ਮ੍ਰਿਤਕ ਸਰੀਰ ਦੀ ਅਰਥੀ ਲੈ ਜਾਂਦੇ ਸਮੇਂ ਰਾਹ ਵਿਚ ਉਸ ਘਰ ਦੀ ਤੀਵੀਂ ਘੜਾ ਭੰਨਣ ਦਾ ਕੁਸ਼ਗਨ ਕਰਦੀ ਹੈ। ਸ਼ਾਇਦ ਇਸੇ ਕਰਕੇ ਘੜੇ ਦੇ ਫੁੱਟਣ ਨੂੰ ਮਾੜਾ ਸਮਝਿਆ ਜਾਂਦਾ ਹੈ। ਪਿੱਤਰਾਂ ਨੂੰ ਪਾਣੀ ਦੇਣ ਦਾ ਪੁੰਨ-ਕਰਮ ਪਿੱਪਲ ਦੇ ਰੁੱਖ ਨਾਲ ਘੜੇ 'ਚ ਪਾਣੀ ਪਾਕੇ ਟੰਗਿਆ ਜਾਂਦਾ ਹੈ ਜਿਸਨੂੰ ਜਲ-ਧਾਰਾ ਦੀ ਰਸਮ ਕਿਹਾ ਜਾਂਦਾ ਹੈ। ਕਈ ਸਮਾਗਮਾਂ ਤੇ ਘੜਿਆਂ ਨੂੰ ਰੰਗ ਕੇ ਸਜਾਵਟਦਾਰ ਗੇਟ ਬਣਾਏ ਜਾਂਦੇ ਹਨ। ਇੰਜ ਘੜੇ ਨਾਲ ਸਾਡੇ ਜੀਵਨ ਦੇ ਬਹੁਤ ਸਾਰੇ ਸ਼ੁਭ ਤੇ ਅਸ਼ੁਭ ਅਵਸਰ ਜੁੜੇ ਹੋਏ ਹਨ।

ਪੰਜਾਬੀ ਲੋਕ ਗੀਤਾਂ ਵਿਚ ਜਿਥੇ ਘੜੇ ਦਾ ਜ਼ਿਕਰ ਆਉਂਦਾ ਹੈ ਉੱਥੇ ਪੰਜਾਬੀ ਸ਼ਬਦਾਵਲੀ, ਅਖੌਤਾਂ ਤੇ ਮੁਹਾਵਰਿਆਂ ਵਿਚ ਵੀ ਇਸ ਦੀ ਵਰਤੋਂ ਹੁੰਦੀ ਰਹਿੰਦੀ ਹੈ ਜਿਵੇਂ ਚੱਕ, ਘੜੌਂਜ, ਘੜਵੰਜੀ, ਚੱਪਣ, ਲੱਜ, ਵਹਿੰਗੀ, ਇੰਨੂਆਂ, ਭੇਣੀ ਆਦਿ। ਘੜੇ ਨਾਲ ਸਬੰਧਤ ਮੁਹਾਵਰੇ ਸਾਡੀ ਬੋਲ-ਚਾਲ ਵਿਚ ਆਮ ਵਰਤੇ ਜਾਂਦੇ ਹਨ ਜਿਵੇਂ :— ਸੌ ਘੜੇ ਪਾਣੀ ਪੈਣਾ, ਊਣਾ ਘੜਾ ਛਲਕਦਾ ਈ ਹੁੰਦੈ, ਇੱਟ ਘੜੇ ਦਾ ਵੈਰ, ਦੋ ਘੜਿਆਂ ਦੀ ਟੱਕਰ, ਘੜੇ ਦੀ ਮੱਛੀ, ਘੜੇ ਜਿੱਡਾ ਮੋਤੀ, ਘੜੇ ਘੁਮਿਆਰ ਭਰੇ ਸੰਸਾਰ, ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਥਿਆਇਆ ਆਦਿ।

ਗੁਰਬਾਣੀ ਵਿਚ ਮਨੁੱਖੀ ਸਰੀਰ ਦੇ ਸੰਕਲਪ ਲਈ ਘੜਾ, ਕੁੰਭ, ਘਟ, ਕਲਸ ਆਦਿ ਰੂਪਾਂ ਵਿਚ ਵਰਤਿਆ ਜਾਂਦਾ ਹੈ ਜਿਸ ਵਿਚ ਗਿਆਨ ਅੰਮ੍ਰਿਤ ਸਮੋਣ ਲਈ ਸਿੱਖਿਆ ਦਿਤੀ ਹੈ :

ਕੁੰਭੇ ਬਧਾ ਜਲੁ ਰਹੈ,
ਜਲ ਬਿਨ ਕੁੰਭ ਨਾ ਹੋਇ ।
ਗਿਆਨ ਕਾ ਬਧਾ ਮਨ ਰਹੈ,
ਗੁਰ ਬਿਨ ਗਿਆਨ ਨਾ ਹੋਇ ॥ (ਵਾਰ ਆਸਾ)

ਸੋ ਮਨੁੱਖ ਅਤੇ ਘੜੇ ਦੀ ਆਪਸੀ ਸਭਿਆਚਾਰਕ-ਸਾਂਝ ਪ੍ਰਾਚੀਨ-ਕਾਲਾਂ ਤੋਂ ਚਲੀ ਆ ਰਹੀ ਹੈ।

## ਬੜੀਆਂ ਟੁੱਕਦੀਆਂ ਸੁਆਣੀਆਂ

ਪੰਜਾਬ ਦੇ ਪੇਂਡੂ ਘਰਾਂ 'ਚ ਕਈ ਰਸ਼ਮ-ਰਿਵਾਜ ਸਾਰੇ ਲੋਕੀਂ ਨਹੀਂ ਮਨਾਉਂਦੇ । ਉਹਨਾਂ ਦੇ ਪਿਛੋਕੜ 'ਚ ਬਜ਼ੁਰਗਾਂ ਦੇ ਕਹੇ ਬੋਲ ਪੀੜ੍ਹੀ ਦਰ ਪੀੜ੍ਹੀ ਸੰਵਿਧਾਨ ਦੇ ਨਿਯਮਾਂ ਵਾਂਗ ਚਲੇ ਆਉਂਦੇ ਹਨ ਤਿੱਥ-ਤਿਉਹਾਰ ਵਾਲੇ ਦਿਨ ਕੋਈ ਬਦਸ਼ਗਨੀ ਹੋਣ ਕਾਰਨ ਜਾਂ ਕਿਸੇ ਹੋਰ ਰੁੱਦ-ਖੋਟ ਕਾਰਨ ਉਸ ਘਰ ਉਹ ਰਸਮ ਜਾਂ ਤਿਓਹਾਰ ਨਹੀਂ ਮਨਾਇਆ ਜਾਂਦਾ । ਪਿੰਡ ਢਿੱਲਾ ਤਹਿ : ਖਰੜ (ਰੂਪਨਗਰ) ਵਿਖੇ ਦਿਵਾਲੀ ਦਾ ਕੌਮੀ ਤਿਓਹਾਰ ਦਿਵਾਲੀ ਤੋਂ ਦੂਜੇ ਦਿਨ ਮਨਾਇਆ ਜਾਂਦਾ ਹੈ । ਇਸੇ ਤਰਾਂ ਕਈ ਘਰਾਂ ਵਿਚ ਕਈ ਦੇਵੀਆਂ ਜਾਂ ਸ਼ਹੀਦਾਂ ਦੀ ਉਪਾਸ਼ਨਾ ਕੀਤੀ ਜਾਂਦੀ ਹੈ ਤੇ ਕਈਆਂ 'ਚ ਬਿਲਕੁਲ ਨਹੀਂ । ਕੁੜੀਆਂ ਦਾ ਸਾਂਝੀ-ਮਾਈ ਦਾ ਕਲਾਕਾਰੀ ਤਿਓਹਾਰ ਹਰੇਕ ਘਰ ਨਹੀਂ ਮਨਾਇਆ ਜਾਂਦਾ । ਤੀਵੀਆਂ ਕਹਿ ਦੇਂਦੀਆਂ ਹਨ ਕਿ ਸਾਡੇ ਜਾਂ ਫਲਾਣੇ ਘਰ ਤਾਂ ਸਾਂਝੀ ਨਹੀਂ ਲਗਦੀ ।

ਜਿਥੋਂ ਤਕ ਖਾਣ-ਪੀਣ ਦੀਆਂ ਵਸਤਾਂ ਦਾ ਸਬੰਧ ਹੈ ਉੱਥੇ ਬੜੀਆਂ ਟੁਕਣਾ ਵੀ ਹਰੇਕ ਘਰ ਦਾ ਕੰਮ ਨਹੀਂ । ਪਿੰਡਾਂ 'ਚ ਤੀਵੀਆਂ ਨੂੰ ਆਮ

ਪਤਾ ਹੁੰਦਾ ਹੈ ਕਿ ਕਿਸ ਕਿਸ ਘਰ ਬੜੀਆਂ ਨਹੀਂ ਟੁੱਕ ਹੁੰਦੀਆਂ। ਉਂਜ ਸਬਜ਼ੀ ਵੱਜੋਂ ਇਹਨਾਂ ਦੀ ਵਰਤੋਂ ਹਰ ਘਰ ਕੀਤੀ ਜਾਂਦੀ ਹੈ। ਵੇਲੇ ਕੁਵੇਲੇ ਹੋਰ ਕੋਈ ਦਾਲ ਸਬਜ਼ੀ ਨਾ ਹੋਣ ਕਾਰਨ ਬੜੀਆਂ ਦੀ ਸਬਜ਼ੀ ਸਹਿਜੇ ਹੀ ਬਣਾ ਲਈ ਜਾਂਦੀ ਹੈ। ਜਾਂ ਇੰਜ ਕਹਿ ਲਵੋ ਕਿ ਇਹ ਉਹਨਾਂ ਦੀ ਸੁੱਕੀ ਸਬਜ਼ੀ (ਡਰਾਈ-ਵੈਜ਼ੀਟੇਬਲ) ਹੈ ਜਿਵੇਂ ਸੇਵੀਆਂ ਮਿੱਠਾਂ ਖਾਣਾ (ਸਵੀਟ-ਡਿਸ਼) ਹੈ। ਬੜੀਆਂ ਨੂੰ ਹੋਰ ਦਾਲ ਸਬਜੀਆਂ ਨੂੰ ਸੁਆਦੀ ਬਣਾਉਣ ਲਈ ਵੀ ਆਮ ਵਰਤਿਆ ਜਾਂਦਾ ਹੈ।

ਪਿੰਡਾਂ 'ਚ ਇਹ ਗੱਲ ਪ੍ਰਚੱਲਤ ਹੈ ਕਿ ਬੜੀਆਂ ਤਾਂ ਸਤੀਆਂ ਦੀਆਂ ਹੁੰਦੀਆਂ ਹਨ। ਜਿਸ ਘਰ ਬੜੀਆਂ ਟੁੱਕ ਨਾ ਹੁੰਦੀਆ ਹੋਣ ਜੇਕਰ ਉਸ ਘਰ ਟੁੱਕ ਲਈਆਂ ਜਾਣ ਤਾਂ ਕਿਸੇ ਆਫਤ ਜਾਂ ਰੋਗ ਲਗ ਜਾਣ ਦਾ ਵਹਿਮ ਆਮ ਕਰ ਲਿਆ ਜਾਂਦਾ ਹੈ। ਘਰ ਬਣਾਈ ਚੀਜ਼ ਦਾ ਪੇਂਡੂ ਸੁਆਣੀਂ ਨੂੰ ਵੱਖਰਾ ਹੀ ਚਾਅ ਤੇ ਹੌਸਲਾ ਹੁੰਦਾ ਹੈ। ਭਾਵੇਂ ਪੰਜਾਬ ਵਿਚ ਅੰਮ੍ਰਿਤਸਰ ਦੇ ਪਾਪੜ ਤੇ ਬੜੀਆਂ ਮਸ਼ਹੂਰ ਹਨ। ਇਸੇ ਕਰਕੇ ਕੋਈ ਨੱਢੀ ਕਹਿ ਦਿੰਦੀ ਹੈ :—

ਅੰਬਰਸਰੀਆਂ ਬੜੀਆਂ ਵੇ ਮੈਂ ਖਾਂਦੀ ਨਾ,
ਤੂੰ ਕਰੇਂਦਾ ਅੜੀਆਂ ਵੇ ਮੈਂ ਸਹਿੰਦੀ ਨਾ।

ਕੋਈ ਭੈਣ ਆਪਣੇ ਵੀਰ ਦੀ ਉਡੀਕ ਕਰਦੀ ਕਰਦੀ ਉਸ ਦੀ ਸੇਵਾ ਕਰਨਾ ਇੰਜ ਲੋਚਦੀ ਹੈ :—

ਫੌਜਾਂ ਲੰਘੀਆਂ ਪਹਿਰ ਦੇ ਤੜਕੇ
ਵੀਰ ਮੇਰਾ ਹੁਣ ਲੰਘਿਆ,
ਆਉਂਦੇ ਤਾਂ ਵੀਰ ਨੂੰ ਬਣਾਵਾਂ, ਤੁੜਕਵੀਆਂ ਬੜੀਆਂ
ਝੋਲਵੇਂ ਪਕਾਉਂਦੀ ਹਾਂ ਫੁਲਕੇ।

ਰਲ ਮਿਲਕੇ ਆਂਢ-ਗੁਆਂਢ 'ਚ ਕੰਮ ਕਰਨ ਦੀ ਭਾਵਨਾ ਸਾਡੇ ਸਭਿਆਚਾਰ ਦਾ ਇਕ ਮੁੱਖ ਲੱਛਣ ਹੈ। ਸੋ ਜਿਸ ਘਰ ਬੜੀਆਂ ਟੁੱਕ ਨਾ ਹੁੰਦੀਆਂ ਹੋਣ, ਉਹ ਆਪਣੀਆਂ ਗੁਆਂਢਣਾਂ ਤੋਂ ਬੜੀਆਂ ਟੁਕਵਾ ਲੈਂਦੀਆਂ ਹਨ। ਇਸ ਸਦ-ਭਾਵਨਾ ਦੇ ਸਦਕੇ ਉਹ ਆਪਸ ਵਿਚ ਕਈ ਵਸਤਾਂ ਦਾ ਲੈਣ ਦੇਣ ਕਰਦੀਆਂ ਰਹਿੰਦੀਆਂ ਹਨ।

ਬੜੀਆਂ ਟੁੱਕਣ ਲਈ ਸਭ ਤੋਂ ਪਹਿਲਾਂ ਮਹਾਂ ਦੀ ਦਾਲ ਚੱਕੀ ਰਾਹੀਂ ਪੀਹ ਲਈ ਜਾਂਦੀ ਹੈ। ਫਿਰ ਉਸ ਨੂੰ ਕਿਸੇ ਭਾਂਡੇ ਵਿਚ ਪਾ ਕੇ ਪਾਣੀ ਨਾਲ ਰਾਤ ਨੂੰ ਭਿੱਜਣ ਲਈ ਰੱਖ ਦਿੱਤਾ ਜਾਂਦਾ ਹੈ। ਦੂਜੇ ਦਿਨ ਭਿੱਜੀ ਦਾਲ ਨੂੰ ਮਲ ਮਲ ਛਿਲਕਾ ਉਤਾਰ ਦਿੱਤਾ ਜਾਂਦਾ ਹੈ ਤੇ ਚਿੱਟੇ ਚੋਲਾਂ ਵਾਂਗ ਨਿਖਾਰ ਲਿਆ ਜਾਂਦਾ ਹੈ। ਇਸ ਧੋਵੀਂ ਦਾਲ ਨੂੰ ਚੱਕੀ-ਰਾਹੀਂ ਜਾਂ ਸਿਲ-ਵੱਟੇ ਨਾਲ ਪੀਸ ਲਿਆ ਜਾਂਦਾ ਹੈ। ਇਸ ਪੀਸੀ ਦਾਲ ਨੂੰ ਫਿਰ ਪੇਠੇ ਦੇ ਪਾਣੀ ਵਿਚ ਗੁੰਨ੍ਹ ਲਿਆ ਜਾਂਦਾ ਹੈ। ਇੱਥੇ ਇਹ ਵੀ ਵਿਚਾਰ ਪ੍ਰਚੱਲਤ ਹੈ ਕਿ ਪੇਠਾ ਗਊ ਦਾ ਰੂਪ ਸਮਝਿਆ ਜਾਂਦਾ ਹੈ। ਹਿੰਦੂ-ਸਿੱਖ ਪਰਿਵਾਰਾਂ ਵਿਚ ਗਊ-ਮਾਤਾ ਦੀ ਪੂਜਾ-ਸੰਕਲਪ ਹੋਣ ਕਾਰਨ ਪੇਠੇ ਨੂੰ ਚਾਕੂ ਨਾਲ ਆਪ ਨਹੀਂ ਚੀਰਿਆ ਜਾਂਦਾ। ਜਾਂ ਤਾਂ ਪਿੰਡ 'ਚ ਕਿਸੇ ਮੁਸਲਮਾਨ ਔਰਤ ਤੋਂ ਇਸ ਨੂੰ ਪਹਿਲਾ ਟੱਕ ਲਵਾ ਲਿਆ ਜਾਂਦਾ ਹੈ ਜਾਂ ਕਿਸੇ ਬੱਚੇ ਤੋਂ ਕੋਠੇ ਉਪਰੋਂ ਵਿਹੜੇ 'ਚ ਸੁਟਵਾ ਲਿਆ ਜਾਂਦਾ ਹੈ ਤੇ ਉਸਦਾ ਪਾਣੀ ਆਦਿ ਝਟ ਸਾਂਭ ਕੇ ਪੀਸੀ ਹੋਈ ਦਾਲ ਗੁੰਨ੍ਹ ਲਈ ਜਾਂਦੀ ਹੈ ਜਿਸਨੂੰ ਪੀਠੀ ਕਿਹਾ ਜਾਂਦਾ ਹੈ ਇਸ ਵਿਚ ਹਿੰਗ, ਮਿਰਚ ਤੇ ਗਰਮ ਮਸਾਲਾ ਚੰਗੀ ਤਰ੍ਹਾਂ ਰਲਾ ਲਿਆ ਜਾਂਦਾ ਹੈ। ਚਾਟੀ ਆਦਿ ਵਿਚ ਹੱਥਾਂ ਨਾਲ ਚੰਗੀ ਤਰ੍ਹਾਂ ਘੋਂਕੇ ਉਸ ਨੂੰ ਰਾਤ ਭਰ ਲਈ ਰੱਖ ਦਿੱਤਾ ਜਾਂਦਾ ਹੈ ਤਾਂ ਜੋ ਪੀਠੀ ਚੰਗੀ ਤਰ੍ਹਾਂ ਉਫਣ ਆਵੇ।

ਅਗਲੇ ਦਿਨ ਸਿਆਣੀਆਂ ਤੀਵੀਂਆਂ ਚਾਟੀ ਦਾ ਪੀਠੀ 'ਚੋਂ ਇਕ

ਲੱਪ ਪਾਣੀ 'ਚ ਛੱਡਕੇ ਵੇਖ ਲੈਂਦੀਆਂ ਹਨ । ਜੇ ਉਹ ਪਾਣੀ ਉਤੇ ਤਰ ਜ ਵੇ ਤਾਂ ਬੜੀਆਂ ਟੁੱਕਣ ਲਈ ਬਣਾਈ ਪੀਠੀ ਠੀਕ ਸਮਝੀ ਜਾਂਦੀ ਹੈ । ਫਿਰ ਧੁੱਪੇ ਮੰਜਿਆਂ ਉਤੇ ਦੋਲੇ (ਖੇਸ) ਜਾਂ ਖੱਦਰ ਦੀਆਂ ਚਾਦਰਾਂ ਵਿਛਾਕੇ ਚਾਟੀ 'ਚੋਂ ਪੀਠੀ ਦੀਆਂ ਨਿੱਕੀਆਂ ਨਿੱਕੀਆਂ ਢੇਰੀਆਂ ਕਤਾਰਾਂ 'ਚ ਲਾ ਦਿੱਤੀਆਂ ਜਾਂਦੀਆਂ ਹਨ ਇੰਜ ਬੜੀਆਂ ਟੁੱਕਦੀਆਂ ਸੁਆਣੀਆਂ ਕੋਈ ਨਾ ਕੋਈ ਦੰਦ-ਕਥਾ ਵੀ ਸੁਣਾਉਂਦੀਆਂ ਹਨ ਰਹਿੰਦੀਆਂ ਹਨ । ਜਦੋਂ ਟੁੱਕੀਆਂ ਬੜੀਆਂ ਚੰਗੀ ਤਰਾਂ ਸੁੱਕ ਜਾਣ ਤਾਂ ਇਕੱਲੀ ਇਕੱਲੀ ਬੜੀ ਨੂੰ ਕਪੜੇ ਤੋਂ ਉਤਾਰਕੇ ਸਾਫ ਕੀਤੇ ਭਾਂਡਿਆਂ ਜਾਂ ਪੀਪੇ ਪੀਪੀਆਂ ਵਿਚ ਸਾਲ ਭਰ ਵਰਤਣ ਲਈ ਸਾਂਭ ਕੇ ਰੱਖ ਲਿਆ ਜਾਂਦਾ ਹੈ । ਕਈ ਮਾਂਵਾਂ ਆਪਣੇ ਸਹੁਰੇ-ਘਰ ਧੀ ਨੂੰ ਸੁਗਾਤ ਵੱਜੋਂ ਵੀ ਬੜੀਆਂ ਭੇਜਣਾ ਖੁਸ਼ੀ ਸਮਝਦੀਆਂ ਹਨ । ਸ਼ਹਿਰੋਂ ਬਣੀਆਂ ਬੜੀਆਂ ਵੀ ਅੱਜ ਕਲ੍ਹ ਘਰਾਂ 'ਚ ਆਮ ਵਰਤੀਆਂ ਜਾਂਦੀਆਂ ਹਨ ।

# ਸੁਰਮਾ ਅੱਖੀਆਂ ਦਾ ਸ਼ਿੰਗਾਰ

ਹਰ ਔਰਤ ਨੂੰ ਆਪਣੇ ਆਪ ਨੂੰ ਸ਼ਿੰਗਾਰਨ ਦੀ ਚੇਸ਼ਟਾ ਕੁਦਰਤੀ ਹੈ । ਸਰੀਰ ਦੇ ਹੋਰ ਅੰਗਾਂ ਵਾਂਗ ਸੁੰਦਰ ਅੱਖੀਆਂ ਦੀ ਨਿੱਘੀ ਤੱਕਣੀ ਅਛੋਪਲੇ ਹੀ ਨਸ਼ਿਆ ਦਿੰਦੀ ਹੈ । ਸੁਰਮਈ ਨੈਣਾਂ ਵਿਚ ਸੁੰਦਰਤਾ ਹੋਰ ਵੀ ਵੱਧ ਧੜਕ ਉੱਠਦੀ ਹੈ ਤੇ ਇਕੋ ਪਿਆਰ ਤੱਕਣੀ ਦਿਲ ਵਿਚ ਝਰਨਾਹਟ ਜਿਹੀ ਛੇੜ ਦਿੰਦੀ ਹੈ। ਕਹਾਵਤ ਹੈ ਕਿ ਸੁਰਮਾ ਪਾ ਤਾਂ ਹਰ ਕੋਈ ਲੈਂਦਾ ਹੈ ਪਰ ਇਸ ਨੂੰ ਮਟਕਾਉਣਾ ਕਿਸੇ ਕਿਸੇ ਨੂੰ ਹੀ ਆਉਂਦਾ ਹੈ। ਔਰਤ ਦੇ ਸੋਲਾਂ ਸ਼ਿੰਗਾਰਾਂ ਵਿਚ ਸੁਰਮੇ ਦੀ ਆਪਣੀ ਵੱਖਰੀ ਹੀ ਥਾਂ ਹੈ, ਕਿਉਂਕਿ ਇਹ ਸਭ ਤੋਂ ਸੂਖਮ ਤੇ ਤਰਲ ਅੱਖ-ਰੂਪੀ ਗਿਆਨ ਇੰਦਰੀ ਵਿਚ ਬਹੁਤ ਸ਼ੌਕ ਨਾਲ ਪਾਇਆ ਜਾਂਦਾ ਹੈ । ਮਹੀਨ ਤੋਂ ਮਹੀਨ ਰੇਤ ਜਾਂ ਮਿੱਟੀ ਦਾ ਕਿਣਕਾ ਅੱਖ ਨੂੰ ਭਾਉਂਦਾ ਨਹੀਂ ਪ੍ਰੰਤੂ ਸੁਰਮੇਂ ਦੀ ਧਾਰੀ ਨੂੰ ਆਪਣੇ ਅੰਦਰ ਸਮੋਕੇ ਅੱਖ ਹੋਰ ਵੀ ਵੱਧ ਮਟਕ ਉੱਠਦੀ ਹੈ । ਅੱਖ ਤੇ ਸੁਰਮੇਂ ਦਾ ਰਿਸ਼ਤਾ ਬਹੁਤ ਮਿਲਾਪੜਾ ਹੈ । ਅਮੀਰ ਤੇ ਗਰੀਬ ਹਰ ਵਰਗ



ਸੁਰਮਾ ਪਵਾ ਲੈ ਦਿਓਰਾ,
ਅੱਜ ਤੇਰੀ ਜੰਞ ਚੜ੍ਹਨੀ ।

ਦੀ ਔਰਤ ਇਸ ਨੂੰ ਪਾਉਣਾ ਲੋਚਦੀ ਹੈ। ਇਸਦਾ ਸ਼ਿੰਗਾਰ ਵੀ ਸਭ ਤੋਂ ਸੌਖਾ ਤੇ ਸਸਤਾ ਪੈਂਦਾ ਹੈ।

ਸੁਰਮਾ ਇਕ ਉਪ-ਧਾਤੂ ਹੈ। ਪ੍ਰੀਵਰਤਿਤ ਚਟਾਨਾਂ ਦੇ ਬਦਲਵੇਂ ਰੂਪ ਦੀਆਂ ਖਾਨਾਂ ਵਿਚੋਂ ਇਸ ਨੂੰ ਕੱਢਿਆ ਜਾਂਦਾ ਹੈ ਤੇ ਕੱਚੇ ਖਣਿਜਾਂ ਵਾਂਗ ਸਾਫ ਕਰਕੇ ਵਰਤੋਂ ਵਿਚ ਲਿਆਇਆ ਜਾਂਦਾ ਹੈ। ਬਹੁਤ ਪੁਰਾਣੇ ਸਮੇਂ ਤੋਂ ਇਸ ਦੀ ਵਰਤੋਂ ਮਨੁੱਖੀ ਜੀਵਨ ਵਿਚ ਚਲੀ ਆ ਰਹੀ ਹੈ। ਸੁਰਮੇ ਨੂੰ ਅੰਜਨ ਸ਼ਬਦ ਨਾਲ ਗੁਰਬਾਣੀ ਵਿਚ ਗਿਆਨ ਦਾ ਚਿੰਨ੍ਹ ਮੰਨ ਕੇ ਸਲਾਹਿਆ ਗਿਆ ਹੈ :—

ਅੰਜਨ ਤੈਸਾ ਅੰਜੀਐ ਜੈਸਾ ਪਿਰ ਭਾਵੈ।
(ਸੂਹੀ ਛੰਤ ਮਹਲਾ ੧)
ਗਿਆਨ ਅੰਜਨ ਗੁਰ ਦੀਆ ਅਗਿਆਨ
ਅੰਧੇਰ ਬਿਨਾਸ ॥ (ਸੁਖਮਨੀ)

ਸ਼ਾਹੀ ਖਾਨਦਾਨਾਂ ਵਿਚ ਰਾਣੀਆਂ ਮਹਾਂਰਾਣੀਆਂ ਦੇ ਸ਼ਿੰਗਾਰ ਲਈ ਸੁਰਮਾਂ ਪਾਉਣ ਲਈ ਵਿਸ਼ੇਸ਼ ਗੋਲੀਆਂ ਤੇ ਬਾਂਦੀਆਂ ਰੱਖੀਆਂ ਹੁੰਦੀਆਂ ਸਨ। ਸੋਨੇ ਤੇ ਚਾਂਦੀ ਦੀਆਂ ਖੂਬਸੂਰਤ ਸੁਰਮੇਦਾਨੀਆਂ ਤੇ ਕੀਮਤੀ ਹਾਥੀ-ਦੰਦ, ਜਿਸਤ ਤੇ ਲੱਕੜ ਦੇ ਸੁਰਮਚੂ ਸ਼ਿੰਗਾਰਦਾਨਾਂ ਦਾ ਸ਼ਿੰਗਾਰ ਹੁੰਦੇ ਸਨ। ਹੁਣ ਵੀ ਆਮ ਔਰਤਾਂ ਪਿੱਤਲ, ਚਾਂਦੀ ਤੇ ਸਟੀਲ ਦੀਆਂ ਸੁਰਮੇਦਾਨੀਆਂ ਅਤੇ ਜਿਸਤ, ਸ਼ੀਸ਼ੇ ਤੇ ਪਲਾਸਟਿਕ ਦੇ ਸੁਰਮਚੂ ਦੀ ਵਰਤੋਂ ਕਰਦੀਆਂ ਹਨ। ਸ਼ੀਸ਼ੇ ਸਾਹਮਣੇ ਖੜੋਕੇ ਅੱਖ ਨੂੰ ਸ਼ੀਸੇ ਵਿਚ ਤੱਕ ਕੇ, ਅੱਖ ਵਿਚ ਸੁਰਮੇ ਦੀ ਡੋਰ ਪਾਉਣਾ ਆਪਣੇ ਆਪ ਇਕ ਰੁਮਾਂਟਿਕ ਦ੍ਰਿਸ਼ ਦੀ ਚਿੱਤਰਕਾਰੀ ਹੈ।

ਪਿੰਡਾਂ ਵਿਚ ਲੜਕੀ ਦੇ ਵਿਆਹ ਸਮੇਂ ਸ਼ਿੰਗਾਰ ਦੇ ਸਮਾਨ ਵਿਚ ਸੁਰਮਾ ਜਰੂਰ ਦਿੱਤਾ ਜਾਂਦਾ ਹੈ ਭਾਂਵੇਂ ਕੱਜਲ ਵੀ ਆਮ ਵਰਤੀ ਜਾਂਦੀ ਹੈ। ਵੱਟਣਾ ਲਾਉਣ ਸਮੇਂ ਤੇ ਜੰਗ ਚੜ੍ਹਨ ਤੋਂ ਪਹਿਲਾਂ ਵਿਆਂਦੜ੍ਹ ਮੁੰਡੇ

ਦੀਆਂ ਅੱਖਾਂ ਵਿਚ ਉਸਦੀ ਭਰਜਾਈ ਸੁਰਮਾਂ ਪਾਉਣ ਦੀ ਸ਼ੁਭ-ਰਸਮ ਪੂਰੀ ਕਰਦੀ ਹੈ ਤੇ ਸੁਰਮਾ ਪੁਆਈ ਲੈਂਦੀ ਹੈ। ਇਕੱਠੀਆਂ ਹੋਈਆਂ ਔਰਤਾਂ ਖੁਸ਼ੀ ਦੇ ਅਤੇ ਸੁਰਮੇ ਨਾਲ ਸਬੰਧਿਤ ਗੀਤ ਗਾਉਂਦੀਆਂ ਹਨ :

ਭਾਬੋ ਨੇ ਘੋੜੀ ਰੋਕ ਲਈ,
ਦੇ ਜਾ ਦਿਓਰਾ ਪੁਆਈ।
ਜੋ ਕੁਝ ਮੰਗਣਾ ਤੂੰ ਮੰਗ ਮੇਰੀ ਭਾਬੋ
ਏਨੀ ਦੇਰ ਕਿਉਂ ਲਾਈ।

ਛੋਟੇ ਬੱਚਿਆਂ ਦੀਆਂ ਅੱਖਾਂ ਵਿਚ ਮਾਵਾਂ ਕੋਰੀ ਠੂਠੀ ਵਿਚ ਡਲੀਦਾਰ ਸੁਰਮਾ ਰਗੜਕੇ ਪਾਉਂਦੀਆਂ ਹਨ ਤਾਂ ਜੋ ਬੱਚੇ ਦੀ ਮਾਸੂਮ ਸੁੰਦਰਤਾ ਕਾਲੀਆਂ ਅੱਖੀਆਂ ਨਾਲ ਹੋਰ ਵੀ ਪਿਆਰੀ ਲੱਗੇ ਤੇ ਅੱਖਾਂ ਕੱਚੀਆਂ ਕੱਚੀਆਂ ਨਾ ਲੱਗਣ।

ਪੰਜਾਬੀ ਸਭਿਆਚਾਰ ਵਿਚ ਸੁਰਮਾ ਜਿਥੇ ਔਰਤ ਦੀਆਂ ਅੱਖੀਆਂ ਦਾ ਸ਼ਿੰਗਾਰ ਹੈ ਉਥੇ ਪੰਜਾਬੀ ਲੋਕ-ਸਾਹਿਤ ਦੀ ਰੁਮਾਂਟਿਕ ਕਵਿਤਾ ਵਿਚ ਵੀ ਇਸਦੀ ਸੁੰਦਰ-ਖਿੱਚ ਦਾ ਜ਼ਿਕਰ ਬਹੁਤ ਥਾਈਂ ਆਉਂਦਾ ਹੈ। ਸੁਰਮੇ ਨਾਨ ਜੁੜੇ ਲੋਕ-ਗੀਤਾਂ ਰਾਹੀਂ ਪੰਜਾਬੀ ਔਰਤ ਆਪਣੀ ਮੁਹੱਬਤ ਦਾ ਪ੍ਰਗਟਾਵਾ ਇੰਜ ਕਰਦੀ ਹੈ :—

ਸੁਰਮਾ ਪੰਜ ਰੱਤੀਆਂ
ਪਾ ਕੇ ਮੋੜ ਤੇ ਖੜਗੀ।

ਭੈਣਾਂ ਆਪਣੇ ਵੀਰ ਦੀ ਉਡੀਕ ਬੜੀ ਤਾਂਘ ਨਾਲ ਕਰਦੀਆਂ ਹਨ। ਉਹਨਾਂ ਅੰਦਰੋਂ ਅਛੋਪਲੇ ਹੀ ਇਹ ਗੀਤ ਬੁਲ੍ਹੀਆਂ ਤੇ ਆ ਜਾਂਦਾ ਹੈ :—

ਸੁਰਮੇ ਦੀ ਹੋ ਗਈ ਡਲੀਓ ਡਲੀ,
ਮੇਰੇ ਵੀਰ ਦਾ ਘੋੜਾ ਗਲੀਓ ਗਲੀ।

# ਪੇਂਡੂ ਸੰਸਕ੍ਰਿਤੀ ਵਿੱਚ ਰੁੱਖਾਂ ਦੀ ਹੋਂਦ

ਮਨੁੱਖੀ ਇਤਿਹਾਸ ਦੇ ਖੋਜੀਆਂ ਅਨੁਸਾਰ ਆਦਿ-ਮਨੁੱਖ ਨੇ ਜੰਗਲਾਂ ਅਤੇ ਦਰਿਆਵਾਂ ਦੇ ਆਸ ਪਾਸ ਹੀ ਆਪਣਾ ਪ੍ਰਾਰੰਭਿਕ ਜੀਵਨ ਗੁਜ਼ਾਰਨਾ ਆਰੰਭਿਆ । ਇੰਜ ਮਨੁੱਖ ਅਤੇ ਰੁੱਖ ਦਾ ਸਬੰਧ ਉਸ ਦੇ ਆਦਿ-ਕਾਲ ਤੋਂ ਹੁਣ ਤਕ ਅਨਿਖੜਵਾਂ ਹੈ । ਮਨੁੱਖ ਦੀਆਂ ਮੂਲ-ਲੋੜਾਂ ਕੁੱਲੀ, ਗੁੱਲੀ ਤੇ ਜੁੱਲੀ ਦੀ ਪੂਰਤੀ ਕਰਨ ਵਿਚ ਰੁੱਖ ਇਕ ਵੱਡਾ ਵਸੀਲਾ ਰਹੇ ਹਨ । ਸਾਡੇ ਪ੍ਰਾਚੀਨ ਰਿਗ-ਵੇਦ ਸਾਹਿਤ ਦੀ ਸਿਰਜਨਾ ਰਿਸ਼ੀਆਂ ਮੁਨੀਆਂ ਨੇ ਦਰਿਆਵਾਂ ਦੀ ਕਲ-ਕਲ ਕਰਦੀ ਜਲ-ਧਾਰਾ ਅਤੇ ਬਿਰਛਾਂ ਦੀਆਂ ਰਮਣੀਕ-ਛਾਵਾਂ ਦੇ ਕੁਦਰਤੀ ਨਜ਼ਾਰਿਆਂ ਦੇ ਅੰਗ ਸੰਗ ਰਹਿ ਕੇ ਹੀ ਰਚੀ ਮੰਨੀ ਜਾਂਦੀ ਹੈ ।

## ਸੰਸਕ੍ਰਿਤੀ ਦਾ ਵਿਕਾਸ

ਸਾਡੀ ਸੰਸਕ੍ਰਿਤੀ ਦਾ ਮੂਲ ਵਿਕਾਸ ਨਿੱਕੇ ਨਿੱਕੇ ਪਿੰਡਾਂ ਤੋਂ ਪ੍ਰਾਰੰਭ ਹੋਇਆ । ਜਿਉਂ ਜਿਉਂ ਮਨੁਖ ਉਨਤੀ ਵਲ ਵਧਦਾ ਗਿਆ, ਉਹ

ਸਭਿਅਕ ਬਣਦਾ ਗਿਆ ਅਤੇ ਉਸ ਨੇ ਸ਼ਹਿਰਾਂ ਦੀ ਸਥਾਪਨਾ ਕਰਨੀ ਸ਼ੁਰੂ ਕਰ ਦਿੱਤੀ। ਪਰ ਕੋਈ ਵੀ ਜੀਵਨ ਆਪਣੀ ਸੰਸਕ੍ਰਿਤੀ ਦੀ ਪ੍ਰੰਪਰਾ ਤੋਂ ਟੁੱਟ ਨਹੀਂ ਸਕਦਾ। ਨਵੀਆਂ ਖੋਜਾਂ ਨੇ ਭਾਵੇਂ ਸਾਡੇ ਜੀਵਨ ਨੂੰ ਅਣਗਿਣਤ ਸਹੂਲਤਾਂ ਦਿਤੀਆਂ ਹਨ ਪਰ ਫਿਰ ਵੀ ਸਾਡੀ ਪੇਂਡੂ ਸੰਸਕ੍ਰਿਤੀ ਵਿਚ ਰੁੱਖਾਂ ਦੀ ਵਿਸ਼ੇਸ਼ ਥਾਂ ਹੈ। ਪੰਜਾਬ ਦੇ ਪਿੰਡਾਂ ਵਿਚ ਆਮ ਤੌਰ ਤੇ ਅੰਬ, ਬੋਹੜ, ਪਿੱਪਲ, ਟਾਹਲੀ, ਨਿੰਮ, ਜਾਮਣ, ਡੇਕ, ਕਿੱਕਰ, ਸਰੀਂਹ, ਪਿਲਕਣ, ਖਜੂਰ, ਲਸੂੜਾ ਤੇ ਬੇਰੀ ਆਦਿ ਦੇ ਰੁੱਖ ਮਿਲਦੇ ਹਨ ਜਿਹੜੇ ਸਾਨੂੰ ਬਿਨਾਂ ਕਿਸੇ ਵਿਤਕਰਾ ਕੀਤਿਆਂ ਆਕਸੀਜਨ, ਫਲ, ਫੁੱਲ ਤੇ ਛਾਵਾਂ ਪ੍ਰਦਾਨ ਕਰਦੇ ਹਨ। ਰੁੱਖ ਆਪਣੀ ਸੁੰਦਰਤਾ ਅਤੇ ਹਰਿਆਲੀ ਕਾਰਨ ਮਨੁੱਖ ਨੂੰ ਸਦਾ ਹੀ ਪਿਆਰੇ ਲਗਦੇ ਆਏ ਹਨ। ਪੇਂਡੂ ਔਰਤਾਂ ਲਈ ਚੁਲ੍ਹੇ ਦੇ ਬਾਲਣ ਲਈ ਇਹਨਾਂ ਰੁੱਖਾਂ ਦੀ ਲੱਕੜ ਹੀ ਤਵੇ ਦਾ ਤਪ ਕਰਨ ਦਾ ਸਾਧਨ ਬਣਦੀ ਆਈ ਹੈ। ਬਿਮਾਰੀਆਂ ਦੇ ਇਲਾਜ ਲਈ ਰੁੱਖਾਂ ਦੀ ਦੇਣ ਨੂੰ ਕੌਣ ਭੁੱਲ ਸਕਦਾ ਹੈ।

## ਰਸਮ ਰਿਵਾਜ

ਪੇਂਡੂ ਰਸਮ ਰਿਵਾਜਾਂ ਦਾ ਰੁੱਖਾਂ ਨਾਲ ਬੜਾ ਨੇੜੇ ਦਾ ਸਬੰਧ ਹੈ। ਜਦੋਂ ਕਿਸੇ ਘਰ ਪੁੱਤਰ ਦਾ ਜਨਮ ਹੁੰਦਾ ਹੈ ਤਾਂ ਪਿੰਡ ਦੀ ਝਿਊਰੀ ਇਸ ਖੁਸ਼ੀ ਦੇ ਮੌਕੇ ਸ਼ਗਨ ਵਜੋਂ ਉਸ ਘਰ ਦੇ ਦਰਵਾਜ਼ੇ ਅਗੇ ਧਾਗੇ ਵਿਚ ਅੰਬ ਦੇ ਹਰੇ ਪੱਤੇ ਪਰੋ ਕੇ ਬੰਨਦੀ ਹੈ ਅਤੇ ਆਪਣਾ ਲਾਗ ਲੈਂਦੀ ਹੈ। ਫਿਰ ਜਦੋਂ ਲਾੜਾ ਆਪਣੀ ਲਾੜੀ ਵਿਆਹ ਕੇ ਆਪਣੇ ਘਰ ਲਿਆਉਂਦਾ ਹੈ ਤਾਂ ਉਸ ਸਮੇਂ ਲਾੜੇ ਦੀ ਮਾਂ ਜੋੜੀ ਨੂੰ ਚੌਕੀ ਤੇ ਖੜਾ ਕੇ ਪਾਣੀ ਵਾਰਨ ਦੀ ਰਸਮ ਕਰਦੀ ਹੈ। ਤੀਵੀਆਂ ਦੇ ਝੁਰਮਟ ਵਿਚ ਲਾੜੀ ਦੀ ਸੱਸ ਉਸ ਦੇ ਸਿਰ ਤੇ ਨੇਤੀ ਰੱਖਦੀ ਹੈ ਤੇ ਉਸ ਉਤੇ ਗੜਵੀ ਵਿਚ ਮਿੱਠੀ ਦੁੱਧ-ਲੱਸੀ ਪਾ ਕੇ, ਵਿਚ ਪਿੱਪਲੀ ਦੇ ਹਰੇ ਪੱਤੇ ਖੜੇ ਕਰਦੀ ਹੈ। ਸ਼ਗਨਾਂ ਨਾਲ ਦੁੱਧ ਪੁੱਤ

ਦੀ ਖੈਰ ਮੰਗਦੀ, ਸੱਸ ਪਾਣੀ ਵਾਰ ਕੇ ਪੀਂਦੀ ਹੈ। ਉਸ ਸਮੇਂ ਤੀਵੀਂਆਂ ਇਹ ਗੀਤ ਗਾਉਂਦੀਆਂ ਹਨ :

ਪਿੱਪਲੀਏ ਜੱਗ ਜੀਟੀਏ
ਰੱਖੀਂ ਕੁੱਲ ਦੀ ਲਾਜ,
ਤੈਨੂੰ ਪੂਜਣ ਮੈਂ ਆਈ
ਭਰੇ ਕਬੀਲੇ ਨਾਲ ।

ਹਿੰਦੂ ਪਰਿਵਾਰਾਂ ਵਿਚ ਫੇਰਿਆਂ ਦੀ ਰਸਮ ਸਮੇਂ ਅੰਬ ਦੀ ਲੱਕੜ ਦੀ ਬੇਦੀ ਗੱਡ ਕੇ ਅਤੇ ਉਸ ਉੱਤੇ ਅੰਬ ਦੇ ਹਰੇ ਪੱਤੇ ਬੰਨ੍ਹੇ ਜਾਂਦੇ ਹਨ। ਇਸ ਵਿਆਹ ਦੀ ਸ਼ੁਭ ਰਸਮ ਸਮੇਂ ਚੰਦਨ ਦੀ ਲੱਕੜ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ।

ਜੰਞ ਦੇ ਸੁਆਗਤ ਲਈ ਕੇਲੇ ਦੇ ਰੁੱਖ ਦਾ ਗੇਟ ਬਣਾਇਆ ਜਾਂਦਾ ਹੈ ਤੇ ਕਈ ਵਾਰ ਅੰਬ ਜਾਂ ਨਿੰਮ ਦੇ ਪੱਤਿਆਂ ਦਾ ਵੀ ਗੇਟ ਬਣਾ ਲਿਆ ਜਾਂਦਾ ਹੈ।

ਸਾਉਣ ਮਹੀਨੇ ਪਿੰਡਾਂ ਵਿਚ ਤੀਆਂ ਦਾ ਤਿਉਹਾਰ ਬੜਾ ਰੁਮਾਂਟਿਕ ਹੁੰਦਾ ਹੈ । ਤੀਆਂ ਦੇ ਸਮੇਂ ਪੇਂਡੂ ਮੁਟਿਆਰਾਂ ਆਪਣੇ ਆਂਢ-ਗੁਆਂਢ ਵਿਚ ਲੱਗੇ ਰੁੱਖਾਂ ਨਾਲ ਪੀਘਾਂ ਝੂਟਦੀਆਂ ਹਨ ਅਤੇ ਆਪਣੇ ਜੋਬਨ ਮੱਤੇ ਲਚਕੀਲੇ ਸਰੀਰਾਂ ਨਾਲ ਰੁੱਖਾਂ ਦੇ ਪੱਤਿਆਂ ਨੂੰ ਚੁੰਮਦੀਆਂ ਤੇ ਛੂੰਹਦੀਆਂ ਮਾਣਮੱਤੀਆਂ ਹੋ ਜਾਂਦੀਆਂ ਹਨ । ਇਹਨਾਂ ਲਚ ਲਚ ਕਰਦੇ ਰੁੱਖਾਂ ਦੀ ਛਾਵੇਂ ਪਿੰਡਾਂ ਦੀਆਂ ਕੁੜੀਆਂ ਗੀਤਾਂ ਦੀ ਛਣਕਾਰ ਨਾਲ ਵਾਤਾਵਰਣ ਵਿਚ ਖੇੜਾ ਭਰ ਦਿੰਦੀਆਂ ਹਨ।

## ਸ਼ੁਭ—ਅਸ਼ੁਭ

ਸਾਡੇ ਬਜ਼ੁਰਗਾਂ ਦਾ ਇਹ ਕਥਨ ਹੈ ਕਿ ਅੰਬ ਦਾ ਬੂਟਾ ਲਾਕੇ

ਪਾਲਣਾ, ਪੁੱਤ ਪਾਲਣ ਬਰਾਬਰ ਹੈ ਕਿਉਂਕਿ ਅੰਬ ਨੂੰ ਪੰਜਾਬ ਦੇ ਸ਼੍ਰੋਮਣੀ ਫਲਦਾਰ ਰੁੱਖਾਂ ਵਿਚ ਸਮਝਿਆ ਜਾਂਦਾ ਹੈ। ਹਿੰਦੂ ਲੋਕ ਪਿੱਪਲ ਨੂੰ ਬ੍ਰਹਮਾ ਸਮਝਦੇ ਹਨ ਅਤੇ ਸਵੇਰੇ ਖੂਹਾਂ ਤੇ ਇਸ਼ਨਾਨ ਕਰਕੇ ਪਿੱਪਲ ਨੂੰ ਪਾਣੀ ਦਿੰਦੇ ਹਨ। ਪਿੰਡ ਦੀਆਂ ਸਾਂਝੀਆਂ ਥਾਵਾਂ ਟੋਭਿਆਂ, ਗੁਰਦਵਾਰਿਆਂ, ਮੰਦਰਾਂ, ਧਰਮਸ਼ਾਲਾਵਾਂ ਅਤੇ ਦਰਵਾਜ਼ਿਆਂ ਦੇ ਨੇੜੇ ਇਕੋ ਥੱਲੇ ਵਿਚ ਪਿੱਪਲ, ਬੋਹੜ ਅਤੇ ਪਿਲਕਣ ਦੇ ਰੁੱਖ ਲਾਉਣਾ ਸ਼ੁਭ ਕਾਰਜ ਹੈ ਜਿਸ ਨੂੰ ਤ੍ਰਬੈਣੀ ਕਿਹਾ ਜਾਂਦਾ ਹੈ। ਇਹਨਾਂ ਰੁੱਖਾਂ ਹੇਠ ਪੇਂਡੂ ਜੀਵਨ ਦੀਆਂ ਅਸਲ ਝਲਕੀਆਂ ਵੇਖੀਆਂ ਜਾ ਸਕਦੀਆਂ ਹਨ। ਪਿੰਡ ਦੀਆਂ ਪੰਚਾਇਤਾਂ, ਖਾੜੇ, ਰਾਸਾਂ, ਤੇ ਹੋਰ ਇਕੱਠ ਇਹਨਾਂ ਰੁੱਖਾਂ ਹੇਠ ਹੀ ਜੁੜਦੇ ਹਨ। ਪਿੰਡਾਂ ਦੇ ਜੀਵਨ ਦੇ ਹਰ ਪੱਖ ਬਾਰੇ ਇਹਨਾਂ ਰੁਖਾਂ ਦੀ ਹਾਜ਼ਰੀ ਵਿਚ ਬੜਾ ਕੁਝ ਵਿਚਾਰਿਆ ਜਾਂਦਾ ਹੈ। ਪਿੰਡਾਂ ਦੇ ਸੰਮੇਲਨਾਂ ਨਾਲ ਇਹਨਾਂ ਰੁੱਖਾਂ ਦੀ ਸਾਂਝ ਕਈ ਪੀੜ੍ਹੀਆਂ ਪੁਰਾਣੀ ਹੁੰਦੀ ਹੈ।

ਪਿੰਡਾਂ ਵਿਚ ਫਲਦਾਰ ਰੁਖ ਨੂੰ ਵੱਢਣਾ ਬੜਾ ਮਾੜਾ ਸਮਝਿਆ ਜਾਂਦਾ ਹੈ। ਇਹ ਗੱਲ ਵੱਖਰੀ ਹੈ ਕਿ ਵਪਾਰ ਦੇ ਲਾਲਚ ਪਏ ਮਨੁੱਖ ਨੇ ਕਈ ਬਾਗਾਂ ਦੇ ਬਾਗ ਕੱਟ ਸੁਟੇ ਹਨ। ਹਿੰਦੂ ਲੋਕ ਪਿੱਪਲ ਦੀ ਲੱਕੜ ਨੂੰ ਜਾਲਣਾ ਭੈੜਾ ਸਮਝਦੇ ਹਨ ਕਿਉਂਕਿ ਉਹ ਇਸ ਨੂੰ ਬ੍ਰਹਮਾ ਸਮਝ ਕੇ ਪਵਿੱਤਰ ਰੁੱਖ ਮੰਨਦੇ ਹਨ। ਮ੍ਰਿਤਕ ਸਰੀਰ ਨੂੰ ਅਗਨ ਭੇਟ ਕਰਨ ਲਈ ਹਿੰਦੂ ਅਤੇ ਸਿੱਖ ਪਰਿਵਾਰ ਢੱਕ ਅਤੇ ਚੰਦਨ ਦੀ ਲੱਕੜ ਦਾ ਪ੍ਰਯੋਗ ਕਰਨਾ ਚੰਗਾ ਸਮਝਦੇ ਹਨ। ਭਾਂਵੇਂ ਇਹਨਾਂ ਰੁੱਖਾਂ ਦੀ ਕਿੱਲਤ ਹੋਣ ਕਾਰਨ ਹੋਰ ਬਾਲਣ ਵਰਤ ਲਿਆ ਜਾਂਦਾ ਹੈ।

## ਲੱਕੜ ਦੀ ਚੋਣ

ਪਿੰਡਾਂ ਦੀ ਇਮਾਰਤੀ ਲੱਕੜ, ਫਰਨੀਚਰ ਅਤੇ ਕਿਰਸਾਨੀ ਸੰਦਾਂ ਲਈ ਕਈ ਰੁੱਖਾਂ ਦੀ ਦੇਣ ਬਹੁਤ ਵਡਮੁੱਲੀ ਹੈ। ਮਕਾਨਾਂ ਦੀਆ ਛੱਤਾਂ ਲਈ

ਜਮੋਏ ਦੇ ਬਾਲੇ ਅਤੇ ਅੰਬ ਦੇ ਸ਼ਤੀਰ ਅਤੇ ਜੋੜੀਆਂ ਸਭ ਤੋਂ ਚੰਗੀਆਂ ਸਮਝੀਆਂ ਜਾਂਦੀਆਂ ਰਹੀਆਂ ਹਨ । ਗੱਡੇ ਅਤੇ ਰੇਹੜੀਆਂ ਲਈ ਟਾਹਲੀ ਅਤੇ ਕਿੱਕਰ ਦੀ ਲੱਕੜ ਅੱਛੀ ਮੰਨੀ ਜਾਂਦੀ ਹੈ। ਬਲਦਾਂ ਦੀ ਪੰਜਾਲੀ ਨਸੂੜੇ ਦੀ ਲੱਕੜ ਦੀ ਜੇ ਬਣੇ ਤਾਂ ਬੜੀ ਹੌਲੀ ਤੇ ਮਜ਼ਬੂਤ ਰਹਿੰਦੀ ਹੈ। ਪੇਂਡੂ ਲੜਕੀਆਂ ਦੇ ਦਹੇਜ਼ ਵਿਚ ਨਿੰਮ ਦੀ ਪੇਟੀ ਅਤੇ ਟਾਹਲੀ ਦਾ ਚਰਖਾ ਦੇਣ ਲਈ ਕਈ ਮਾਪੇ ਆਪਣੀ ਰੀਝ ਪੂਰੀ ਕਰਦੇ ਹਨ। ਸਮੇਂ ਦੇ ਪ੍ਰੀਵਰਤਨ ਨਾਲ ਹੁਣ ਭਾਵੇਂ ਹੋਰ ਰੁੱਖਾਂ ਦੀ ਲੱਕੜ ਵੀ ਸਾਡੇ ਜੀਵਨ ਵਿਚ ਵਰਤੀਂਦੀ ਜਾ ਰਹੀ ਹੈ ਅਤੇ ਕਈ ਵਸਤਾਂ ਲੋਹੇ, ਰਬੜ ਅਤੇ ਪਲਾਸਟਿਕ ਦੀਆਂ ਬਣ ਗਈਆਂ ਹਨ ਪ੍ਰੰਤੂ ਲੱਕੜ ਨਾਲ ਮਨੁੱਖੀ ਮੋਹ ਅਤੇ ਲੱਕੜ ਤੇ ਕੀਤਾ ਹੁਨਰ ਸਾਡੇ ਭਰਪੂਰ ਵਿਰਸੇ ਦੀ ਦੌਲਤ ਹੈ।

## ਲੋਕ-ਸਾਹਿਤ ਵਿਚ ਰੁੱਖ

ਸਾਡਾ-ਲੋਕ ਸਾਹਿਤ ਪੇਂਡੂ ਸੰਸਕ੍ਰਿਤੀ ਨਾਲ ਓਤ ਪੋਤ ਹੈ। ਗੁਰਬਾਣੀ, ਕਿੱਸੇ, ਗੋਸਟਾਂ ਤੇ ਪਰਮਾਰਥਾਂ ਵਿਚ ਰੁੱਖਾਂ ਦਾ ਥਾਂ ਥਾਂ ਪ੍ਰਮਾਣ ਮਿਲਦਾ ਹੈ। ਲੋਕ ਸਾਹਿਤ ਜਿਵੇਂ ਲੋਕ ਗੀਤ, ਅਖੌਤਾਂ, ਮੁਹਾਵਰੇ ਅਤੇ ਬੁਝਾਰਤਾਂ ਵਿਚ ਰੁੱਖਾਂ ਦਾ ਜ਼ਿਕਰ ਰੱਜ ਰੱਜ ਕੇ ਕੀਤਾ ਗਿਆ ਹੈ। ਰੁੱਖਾਂ ਤੋਂ ਬਿਨਾਂ ਜਿਵੇਂ ਧਰਤੀ ਸੁੰਨੀ ਹੈ ਇਵੇਂ ਹੀ ਸਾਡੇ ਲੋਕ ਗੀਤ ਅਧੂਰੇ ਹਨ। ਇਹਨਾਂ ਲੋਕ-ਗੀਤਾਂ ਵਿਚ ਰੁੱਖਾਂ ਦੇ ਪ੍ਰਸੰਗ 'ਚ ਪੇਂਡੂ ਜੀਵਨ ਦੀ ਤਸਵੀਰ ਚਿਤਰੀ ਮਿਲਦੀ ਹੈ। ਵੰਨਗੀ ਵੱਜੋਂ ਕੁਝ ਰੁੱਖਾਂ ਦਾ ਜ਼ਿਕਰ ਲੋਕ-ਗੀਤਾਂ 'ਚ ਇੰਜ ਆਉਂਦਾ ਹੈ :—

ਉੱਥੇ ਕਿੱਕਰਾਂ ਨੂੰ ਮੋਤੀ ਲਗਦੇ,
ਜਿੱਥੋਂ ਮੇਰਾ ਵੀਰ ਲੰਘਦਾ।

ਬੇਰੀਆਂ ਨੂੰ ਬੇਰ ਲੱਗ ਗਏ,
ਤੈਨੂੰ ਕੁਝ ਨਾ ਲੱਗਿਆ ਮੁਟਿਆਰੇ ।

ਵਿਹੜੇ ਲਾ ਤ੍ਰਬੈਣੀ,
ਛਾਂਵੇਂ ਬਹਿ ਕੇ ਕੱਤਿਆ ਕਰੂੰ ।

ਸੋ ਜਿੱਥੇ ਪੇਂਡੂ ਸੰਸਕ੍ਰਿਤੀ ਵਿਚ ਰੁੱਖਾਂ ਦੀ ਹੋਂਦ ਪ੍ਰਾਚੀਨ-ਕਾਲ ਤੋਂ ਜੁੜੀ ਚਲੀ ਆ ਰਹੀ ਹੈ ਉੱਥੇ ਅੱਜ ਵੀ ਇਹ ਰੁੱਖ ਸਾਡੇ ਸਭਿਆਚਾਰ ਨੂੰ ਸਰਸਬਜ਼ ਕਰ ਰਹੇ ਹਨ । ਇਹਨਾਂ ਦੀ ਸੰਭਾਲ ਕਰਨਾ, ਕੁਦਰਤ ਨੂੰ ਪਿਆਰ ਕਰਨਾ ਹੈ ।



ਗੱਡਾ, ਬਲਦ ਤੇ ਬਿਰਛ, ਗੁਹਾਰੇ
ਬਾੜਿਆਂ 'ਚ ਖੜ ਦਿੱਸਦੇ ।

# ਦਰੀਆਂ ਬੁਣਨ ਦਾ ਹੁੱਨਰੀ-ਸ਼ੌਕ

ਸਾਡੇ ਸਮਾਜ ਵਿਚ ਬਾਬਲ ਵਿਹੜੇ ਜਦੋਂ ਲੜਕੀ ਮੁਟਿਆਰ ਹੋਣ ਲਗਦੀ ਹੈ ਤਾਂ ਉਸਦੀ ਮਾਂ ਨੂੰ ਉਸਦੇ ਦਹੇਜ ਬਣਾਉਣ ਦਾ ਫਿਕਰ ਲਗਣਾ ਸ਼ੁਰੂ ਹੋ ਜਾਂਦਾ ਹੈ । ਦਹੇਜ ਦੇਣ ਦੀ ਇਹ ਚਿਰਾਂ ਤੋਂ ਚਲੀ ਆ ਰਹੀ ਰਸਮ ਸਾਡੇ ਸਮਾਜ ਵਿਚ ਅਜੇ ਖਤਮ ਨਹੀਂ ਹੋਈ । ਸੱਗੋਂ ਦਹੇਜ਼ ਦੀਆਂ ਨਵੀਆਂ ਨਵੀਆਂ ਵਸਤਾਂ ਦੀ ਭਰਮਾਰ ਵੱਧਦੀ ਹੀ ਜਾ ਰਹੀ ਹੈ ।

ਕੁਝ ਵੀ ਹੋਵੇ, ਮਾਪੇ ਫਿਰ ਵੀ ਆਪਣੀ ਧੀ ਦੇ ਸੁਖੀ ਭਵਿੱਖ ਲਈ ਵਿੱਤੋਂ-ਵਧ ਦਹੇਜ਼ ਦੇਣ ਦੀ ਕੋਸ਼ਿਸ਼ ਕਰਦੇ ਹਨ । ਗਹਿਣੇ, ਸੰਦੂਕ, ਪੇਟੀ, ਭਾਂਡੇ, ਸੂਟ, ਫਰਨੀਚਰ, ਨਕਦੀ ਤੇ ਹੋਰ ਕੀਮਤੀ ਵਸਤਾਂ ਆਦਿ ਬਜ਼ਾਰੋਂ ਖਰੀਦ ਲਏ ਜਾਂਦੇ ਹਨ । ਪਰ ਘਰੋਂ ਤਿਆਰ ਕੀਤੀਆਂ ਕਸ਼ੀਦਾਕਾਰੀ ਦੀਆਂ ਚੀਜ਼ਾਂ, ਦਰੀਆਂ ਤੇ ਹੋਰ ਨਿੱਕ-ਸੁਕ ਔਰਤਾਂ ਦੇ ਹੁੱਨਰੀ ਸ਼ੌਕ ਤੇ ਕਰੜੀ ਮਿਹਨਤ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਹੁੰਦੀਆਂ ਹਨ । ਫੁਲਕਾਰੀਆਂ ਕੱਢਣ ਦਾ ਰਿਵਾਜ ਤਾਂ ਮਿਟ ਹੀ ਗਿਆ ਹੈ ਪ੍ਰੰਤੂ ਦਰੀਆਂ

ਬੁਣਨ ਦਾ ਸ਼ੌਕ ਆਪਣੀ ਵੱਖਰੀ ਥਾਂ ਰੱਖਦਾ ਹੈ ਕਿਉਂਕਿ ਦਹੇਜ ਵਿਚ 'ਚੋ ਪੰਜ, ਸੱਤ ਜਾਂ ਇਸਤੋਂ ਵੀ ਵੱਧ ਬਿਸਤਰੇ ਦੇਣ ਲਈ ਦਰੀਆਂ ਦੀ ਗਿਣਤੀ ਪੂਰੀ ਕਰਨੀ ਪੈਂਦੀ ਹੈ । ਇਸਤੋਂ ਬਿਨਾਂ ਘਰਾਂ 'ਚ ਹਰ ਜੀਅ ਲਈ ਦਰੀ ਦਾ ਹੋਣਾ ਵੀ ਇਕ ਜਰੂਰੀ ਲੋੜ ਹੈ । ਆਏ ਗਏ ਮਹਿਮਾਨਾਂ ਲਈ ਵੀ ਦੋ ਚਾਰ ਬਿਸਤਰੇ ਹੋਣੇ ਜਰੂਰੀ ਰੱਖਣੇ ਪੈਂਦੇ ਹਨ ।

ਇਸ ਲੋੜ ਨੂੰ ਪੂਰਾ ਕਰਨ ਲਈ ਪਿੰਡਾਂ ਤੇ ਕਸਬਿਆਂ ਵਿਚ ਦਰੀਆਂ ਬੁਣਨ ਦੇ ਕੰਮ ਲਈ ਔਰਤਾਂ ਤੇ ਮੁਟਿਆਰਾਂ ਆਪਣੇ ਰੁਝੇਵਿਆਂ ਭਰੇ ਜੀਵਨ ਚੋਂ ਸਮਾਂ ਜਰੂਰ ਕੱਢ ਲੈਂਦੀਆਂ ਹਨ । ਇਸ ਕੰਮ ਲਈ ਉਹਨਾਂ ਨੂੰ ਬੜਾ ਜੂਝਣਾ ਪੈਂਦਾ ਹੈ। ਅੱਜ ਕਲ ਭਾਵੇਂ ਬਜ਼ਾਰੋਂ ਮਸ਼ੀਨੀ ਦਰੀਆਂ ਵੀ ਮਿਲਦੀਆਂ ਹਨ ਪ੍ਰੰਤੂ ਗਰੀਬ ਪਰਿਵਾਰ ਘਰ ਤਿਆਰ ਕੀਤੀਆਂ ਦਰੀਆਂ ਵਧੇਰੇ ਪਸੰਦ ਕਰਦੇ ਹਨ। ਤਿਣਕਾ ਤਿਣਕਾ ਜੋੜ ਕੇ ਦਰੀਆਂ ਬੁਣਨ ਦਾ ਕੰਮ ਨੇਪਰੇ ਚਾੜਿਆ ਜਾਂਦਾ ਹੈ । ਜਿਸ ਲਈ ਔਰਤਾਂ ਨੂੰ ਬੜਾ ਤਰਦੱਦ ਕਰਨਾ ਪੈਂਦਾ ਹੈ ।

ਘਰ ਬੁਣੀਆਂ ਦਰੀਆਂ ਹੰਢਣਸਾਰ ਹੁੰਦੀਆਂ ਹਨ । ਠੁੱਕਵੀਂ ਤੇ ਚੰਗੀ ਦਰੀ ਦੀ ਉਦਾਹਰਣ ਤੀਵੀਆਂ ਗੱਲਾਂ ਗੱਲਾਂ 'ਚ ਇੰਜ ਕਹਿੰਦੀਆਂ ਹਨ ਕਿ ਫਲਾਣੀ ਦੀ ਬੁਣੀ ਦਰੀ ਤਾਂ ਭਾਵੇਂ ਕੰਧ ਨਾਲ ਖੜੀ ਕਰ ਲਵੋ । ਕਈ ਗਰੀਬ ਔਰਤਾਂ ਦੂਜਿਆਂ ਦੇ ਘਰਾਂ ਲਈ ਦਰੀਆਂ ਬੁਣਨ ਦੇ ਕੰਮ ਵਜੋਂ ਕੁਝ ਨਾ ਕੁਝ ਰੋਜ਼ੀ ਵੀ ਕਮਾਉਂਦੀਆਂ ਹਨ । ਸਾਧਾਰਨ ਦਰੀ ਤੋਂ ਲੈ ਕੇ ਨਮੂਨੇਦਾਰ ਦਰੀ ਦੀ ਬੁਣਵਾਈ ਵੀਹ ਰੁਪਏ ਤੋਂ ਲੈ ਕੇ ਚਾਲੀ ਰੁਪਏ ਤੱਕ ਲਈ ਜਾਂਦੀ ਹੈ । ਔਰਤਾਂ ਦੀ ਜੋੜੀ ਦੱਸ ਕੁ ਦਿਨਾਂ ਵਿਚ ਦਰੀ ਬੁਣਨ ਦਾ ਕੰਮ ਸਿਰੇ ਚਾੜ੍ਹ ਲੈਂਦੀ ਹੈ ।

## ਸੂਤ ਦੀ ਤਿਆਰੀ :

ਦਰੀ ਦੀ ਤਿਆਰੀ ਲਈ ਸਭ ਤੋਂ ਪਹਿਲਾਂ ਰੰਦੇ ਗੋਹੜੇ ਤੇ

ਪੂਣੀਆਂ ਵੱਟ ਲਈਆਂ ਜਾਂਦੀਆਂ ਹਨ। ਫਿਰ ਚਰਖੇ 'ਤੇ ਪੂਣੀਆਂ ਤੋਂ ਸੂਤ ਕੱਤ ਲਿਆ ਜਾਂਦਾ ਹੈ। ਅੱਜ ਕਲ, ਚਰਖਾ ਕੱਤਣ ਦਾ ਕੰਮ ਬਹੁਤਾ ਕਰਕੇ ਬੁੱਢੀਆਂ ਔਰਤਾਂ ਦੇ ਹਿੱਸੇ ਹੀ ਰਹਿ ਗਿਆ ਹੈ। ਪਿੰਡਾਂ ਜਾਂ ਕਸਬਿਆਂ 'ਚ ਕਈ ਕੰਮੀ ਔਰਤਾਂ ਕਤਾਈ ਦਾ ਕੰਮ ਦਾਣਿਆਂ ਜਾਂ ਪੈਸਿਆਂ ਦੇ ਰੂਪ ਵਿਚ ਵੀ ਕਰਦੀਆਂ ਹਨ। ਕਦੇ ਇਹ ਕੰਮ ਤ੍ਰਿੰਞਣਾਂ 'ਚ ਇਕੱਠੀਆਂ ਹੋਈਆਂ ਮੁਟਿਆਰਾਂ ਤੇ ਸੁਆਣੀਆਂ ਬੜੇ ਚਾਵਾਂ ਤੇ ਉਮੰਗਾਂ ਨਾਲ ਕਰਿਆ ਕਰਦੀਆਂ ਸਨ ਤੇ ਛੋਪੇ ਪਾਉਂਦੀਆਂ ਤੋਂ ਅਛੋਪਲੇ ਹੀ ਕੋਈ ਨਾ ਕੋਈ ਗੀਤ ਜਜ਼ਬਿਆਂ ਰੱਤਾ ਚਰਖੇ ਦੀ ਘੂਕਰ ਨਾਲ ਉਹਨਾਂ ਦੇ ਮੂੰਹੋਂ ਨਿਕਲ ਪੈਂਦਾ :

ਨੀ ਮੈਂ ਕੱਤਾਂ ਪ੍ਰੀਤਾਂ ਨਾਲ,
ਚਰਖਾ ਚੰਨਣ ਦਾ ।

---

ਚਰਖਾ ਮੈਂ ਆਪਣਾ ਕੱਤਾਂ,
ਤੰਦ ਤੇਰਿਆਂ ਦੁੱਖਾਂ ਦੀ ਪਾਵਾਂ ।

---

(ਤੇ ਕਿੰਨੇ ਹੀ ਹੋਰ ਗੀਤ ਗਾਏ ਜਾਂਦੇ)

ਇਸਤੋਂ ਬਾਅਦ ਕੱਤੇ ਹੋਏ ਸੂਤ ਦੇ ਨਿਚਲਿਆਂ (ਗਲੋਟਿਆਂ, ਮੁੱਡਿਆਂ) ਰਾਹੀਂ ਚਾਰ ਜਾਂ ਪੰਜ ਲੜੇ ਸੂਤ ਦੇ ਮੋਈਏ (ਗੋਲੇ) ਬਣਾ ਲਏ ਜਾਂਦੇ ਹਨ ਫਿਰ ਮੋਈਏ (ਗੋਲਿਆਂ) ਤੋਂ ਲੱਛੇ ਬਣਾਏ ਜਾਂਦੇ ਹਨ। ਲੱਛਿਆਂ ਨੂੰ ਵੱਖੋ ਵੱਖ ਪੱਕੇ ਰੰਗਾਂ ਵਿਚ ਰੰਗ ਲਿਆ ਜਾਂਦਾ ਹੈ। ਜਾਂ ਕਈ ਵੇਰ ਬਜ਼ਾਰੋਂ ਲਲਾਰੀ ਤੋਂ ਰੰਗਾ ਲਿਆ ਜਾਂਦਾ ਹੈ। ਸੁੱਕੇ ਹੋਏ ਗੋਲਿਆਂ ਦੀਆਂ ਗੁੱਟੀਆਂ (ਗੁੱਛੀਆਂ, ਲੱਛੀਆਂ, ਗੁੱਲੀਆਂ) ਬਣਾਈਆਂ ਜਾਂਦੀਆ ਹਨ। ਜੇਕਰ ਪੱਟੀਆਂ ਵਾਲੀਆਂ ਦਰੀਆਂ ਬੁਣਨੀਆਂ ਹੋਣ ਤਾਂ ਕਪਾਹ ਦੀਆਂ ਦੋ ਕੁ ਫੁਟ ਲੰਮੀਆਂ ਛਟੀਆਂ ਉਤੇ ਪਿੰਨਿਆਂ ਦਾ ਸੂਤ ਲਪੇਟ ਲਿਆ ਜਾਂਦਾ ਹੈ ਤਾਂ ਜੋ ਬੁਣਨ ਵਿਚ ਸੌਖ ਤੇ ਤੇਜ਼ੀ ਰਹੇ।

## ਡੋਰਾਂ ਵੱਟਣਾ :—

ਸੂਤ ਦੀ ਤਿਆਰੀ ਦੇ ਨਾਲ ਚਰਖੇ 'ਤੇ ਡੋਰਾਂ ਵਾਲੇ ਮੋਟੇ ਤੱਕਲੇ ਰਾਹੀਂ, ਚਿੱਟੇ ਲੱਛਿਆਂ ਨੂੰ ਪਾਣੀ 'ਚ ਭਿਉਂਕੇ, ਗਿੱਲੇ ਗਿੱਲੇ ਹੀ ਮਾਲ ਨਾਲ ਡੋਰਾਂ ਵੱਟੀਆਂ ਜਾਂਦੀਆਂ ਹਨ। ਇਕ ਰਸ-ਭਿੰਨੀ ਪਾਣੀ ਦੇ ਛਿੱਟਿਆਂ ਦੀ ਫੁਆਰ ਬੜੀ ਠੰਢੀ-ਠੰਢੀ ਲਗਦੀ ਹੈ। ਡੋਰਾਂ ਦੇ ਨਿਚਲੇ ਸੁਕਾਕੇ ਫਿਰ ਪਿੰਨੇ (ਮੋਈਏ) ਬਣਾ ਕੇ ਰੱਖ ਲਏ ਜਾਂਦੇ ਹਨ। ਕਿਲੋ ਕੁ ਡੋਰਾਂ ਤੇ ਦੋ ਕੁ ਕਿਲੋ ਰੰਗਦਾਰ ਸੂਤ ਇਕ ਦਰੀ-ਲਈ ਕਾਫੀ ਹੁੰਦਾ ਹੈ।

## ਦਰੀ ਦੇ ਅੱਡੇ ਦੀ ਤਿਆਰੀ :

ਕਈ ਘਰਾਂ ਵਿਚ ਤਾਂ ਲੱਕੜ ਦਾ ਤਿਆਰ ਕੀਤਾ ਆਇਤਕਾਰ ਅੱਡਾ $3 \times 1\frac{1}{2}$ ਗਜ਼ ਦਾ ਬਣਵਾ ਲਿਆ ਜਾਂਦਾ ਹੈ ਜਿਸਨੂੰ ਜਿਥੇ ਚਾਹੋ ਰੱਖਕੇ ਦਰੀ ਬੁਣੀ ਜਾ ਸਕਦੀ ਹੈ। ਕੱਚੇ ਫਰਸ਼ ਵਾਲੇ ਘਰਾਂ 'ਚ ਉਪਰੋਕਤ ਸਾਈਜ਼ ਅਨੁਸਾਰ ਚਾਰ ਕੀਲੇ ਚਾਰ ਸਿਰਿਆਂ ਉੱਤੇ ਗੱਡ ਲਏ ਜਾਂਦੇ ਹਨ। ਕੱਚੇ ਘਰਾਂ 'ਚ ਕੀਲਿਆਂ ਦੀ ਥਾਂ ਚਾਰ ਗੋਲ ਕੁੰਡੇ ਕੰਧਾਂ ਵਿਚ ਉਸੇ ਹਿਸਾਬ ਨਾਲ ਗੱਡ ਲਈਆਂ ਜਾਂਦੀਆਂ ਹਨ। ਫਿਰ ਦੋਵੇਂ ਸਿਰਿਆਂ ਤੇ ਕਪੜੇ ਲਪੇਟੀਆਂ ਬਾਹੀਆਂ (ਪਾਈਪ) ਸੈੱਟ ਕਰ ਲਏ ਜਾਂਦੇ ਹਨ। ਫਿਰ ਦੋ ਜਣੀਆਂ ਇਕ ਇਕ ਸਿਰੇ ਤੇ ਬੈਠਕੇ ਵੱਟੀਆਂ ਡੋਰਾਂ ਦਾ ਚਿੱਟਾ ਤਾਣਾ ਤਣਦੀਆਂ ਹਨ। ਤਾਣੇ ਤੋਂ ਬਾਅਦ ਜਿਧਰੋਂ ਦਰੀ ਬੁਣਨੀ ਹੁੰਦੀ ਹੈ ਬਾਂਸ ਦੀ ਸੋਟੀ ਹੇਠ ਦੋਵੇਂ ਪਾਸੇ ਇੱਟਾਂ ਰਖਕੇ ਬਾਹੀ ਦੇ ਉਪਰਲੇ ਧਾਗੇ ਹੱਥਾਂ ਨਾਲ ਫੜਕੇ ਡੋਰਾਂ ਵਾਲੇ ਚਿੱਟੇ ਪਿੰਨੇ ਨਾਲ ਘੁੰਡੀਆਂ ਪਾਈਆਂ ਜਾਂਦੀਆਂ ਹਨ। ਫਿਰ ਤਾਣੇ ਦੇ ਚੋੜੇ ਪਾਸੇ ਉਪਰੋਂ ਆਰ ਪਾਰ ਲੱਕੜੀ ਦੀ ਘੋੜੀ ਸਿਰੇ ਤੋਂ ਤਿੰਨ ਚਾਰ ਗਿੱਠ ਦੇ ਫਾਸਲੇ ਤੇ ਰੱਖਕੇ ਮੱਕੜੇ (ਗੱਡੂ) ਬੰਨ੍ਹ ਲਏ ਜਾਂਦੇ ਹਨ ਜੋ ਬਾਰੀ-ਬਾਰੀ ਦਮ ਚੁੱਕਣ ਤੇ ਸੁਟਣ ਲਈ ਵਰਤੇ ਜਾਂਦੇ



ਦਰੀ ਫੁੱਲਾਂ ਦੀ ਦਹੇਜ ਵਿਚ ਦੇਣੀ,
ਮਾਵਾਂ ਧੀਆਂ ਬੁਣਨ ਲੱਗੀਆਂ ।

ਹਨ । ਕਈ ਵੇਰ ਘੋੜੀ ਦੀ ਥਾਂ ਗਿੱਠ ਕੁ ਚੌੜੀ ਤੇ ਦੋ ਕੁ ਗਜ਼ ਲੰਮੀ, ਫੱਟੀ ਨਾਲ ਵੀ ਕੰਮ ਸਾਰ ਲਿਆ ਜਾਂਦਾ ਹੈ ।

## ਬੁਣਾਈ ਦਾ ਕੰਮ :

ਬੁਣਾਈ ਦੇ ਸ਼ੁਰੂ ਵਿਚ ਪੰਜ ਚਾਰ ਧਾਗੇ ਡੋਰਾਂ ਵਾਲੇ ਚਿੱਟੇ ਪਿੰਨੇ ਨਾਲ ਪਾਏ ਜਾਂਦੇ ਹਨ ਤੇ ਹੱਥੀ (ਪੰਜਾ) ਨਾਲ ਠੁਕਾਈ ਸ਼ੁਰੂ ਹੋ ਜਾਂਦੀ ਹੈ । ਫਿਰ ਰੰਗਦਾਰ ਗੁੱਟੀਆਂ ਦੇ ਕਈ ਰੰਗਾਂ ਦੇ ਡੱਰੇ ਪਾਏ ਜਾਂਦੇ ਹਨ । ਤਾਣੇ 'ਚ ਪਾਇਆ ਹਰ ਧਾਗਾ ਨਾਲੋ ਨਾਲ ਹੱਥੀ ਦੇ ਨਾਲ ਠੋਕਿਆ ਜਾਂਦਾ ਹੈ । ਜਦੋਂ ਚਾਰ ਪੰਜ ਉਂਗਲ ਦਰੀ ਬੁਣ ਹੋ ਜਾਵੇ ਤਾਂ ਪਣਖ (ਗਜ਼) ਲਾਈ ਜਾਂਦੀ ਹੈ ਤਾਂ ਜੋ ਦਰੀ ਦੀ ਕੰਨੀ ਤੇ ਦਰੀ ਦੀ ਚੌੜਾਈ ਸਿਰੇ ਤੱਕ ਇੱਕੋ ਜਿਹੀ ਰਹੇ । ਇੰਜ ਚਾਰ ਪੰਜ ਉਂਗਲ ਦਰੀ ਬੁਣਕੇ ਗਜ਼ ਅੱਗੇ ਕਰ ਲਿਆ ਜਾਂਦਾ ਹੈ ਤੇ ਲੋੜ ਅਨੁਸਾਰ ਘੋੜੀ ਜਾਂ ਫੱਟੀ ਨੂੰ ਅੱਗੇ ਅੱਗੇ ਘਰਸਾਇਆ ਜਾਂਦਾ ਹੈ । ਬੁਣਿਆ ਹੋਇਆ ਹਿੱਸਾ ਮੈਲਾ ਹੋਣ ਤੋਂ ਉੱਤੇ ਚਾਦਰ ਵਿਛਾ ਲਈ ਜਾਂਦੀ ਹੈ । ਇੰਜ ਕਦੇ ਦਮ ਚੁੱਕਣ ਤੇ ਕਦੇ ਦਮ ਸੁਟਣ ਦੀ ਕਿਰਿਆ ਹੁੰਦੀ ਰਹਿੰਦੀ ਹੈ । ਇਹ ਸਾਰਾ ਕੰਮ ਬੜੇ ਧਿਆਨ ਤੇ ਲਗਨ ਨਾਲ ਹੁੰਦਾ ਰਹਿੰਦਾ ਹੈ । ਹੱਥੀ ਦੀ ਠੁਕ ਠੁਕ ਨਾਲ ਦਰੀ ਦੀ ਠੁਕ ਬੱਝਦੀ ਰਹਿੰਦੀ ਹੈ ।

## ਦਰੀਆਂ ਦੇ ਨਮੂਨੇ :

ਜਿਹੜੇ ਨਮੂਨੇ ਦਸੂਤੀ ਕਪੜੇ ਤੇ ਧਾਗਿਆਂ ਦੀ ਗਿਣਤੀ ਦੇ ਹਿਸਾਬ ਨਾਲ ਪਾਏ ਜਾ ਸਕਦੇ ਹਨ, ਉਹ ਸਾਰੇ ਨਮੂਨੇ ਦਰੀਆਂ 'ਚ ਵੀ ਪਾਏ ਜਾ ਸਕਦੇ । ਚਿੱਤਰਕਾਰ ਦੀ ਕਲਪਨਾ ਤੇ ਪਸੰਦ ਵਾਂਗ ਔਰਤਾਂ ਵੀ ਰੰਗ-ਬਰੰਗੀਆਂ ਗੁੱਟੀਆਂ ਰਾਹੀਂ ਦਰੀਆਂ ਦੇ ਨਮੂਨੇ ਆਪਣੇ ਮਨ-ਪਸੰਦ ਖਿਆਲ ਨਾਲ ਬਣਾਉਂਦੀਆਂ ਰਹਿੰਦੀਆਂ ਹਨ । ਇਸ ਕੰਮ ਲਈ ਉਹਨਾਂ

ਦੀ ਨੀਝ ਤੇ ਰੀਝ ਬੜਾ ਕੰਮ ਕਰਦੀ ਹੈ ਤੇ ਫਿਰ ਸਾਰਾ ਕੰਮ ਹੈ ਹੀ ਬੈਠਕ ਦਾ। ਕੁਝ ਨਮੂਨੇ ਇਸ ਪ੍ਰਕਾਰ ਹਨ ਜਿਵੇਂ ਪੱਟੀਆਂ, ਲੂਣ-ਮਿਰਚ, ਟਾਪਟੇਦਾਰ, ਲਹਿਰੀਏ, ਡੱਬੇ, ਗਮਲੇ, ਫੁੱਲਾਂ ਵਾਲੇ, ਅੱਠ ਕਲੀਏ, ਚੌਵੀ ਕਲੀਏ, ਫਲਾਂ, ਪਸ਼ੂਆਂ, ਪੰਛੀਆਂ ਤੇ ਜਾਨਵਰਾਂ ਦੇ ਰੂਪਾਂ ਵਰਗੇ ਭਾਤ ਭਾਂਤ ਦੇ ਨਮੂਨੇ ਪਾਕੇ ਮੁਟਿਆਰਾਂ ਰੀਝਾਂ ਦੀ ਤ੍ਰਿਪਤੀ ਕਰਦੀਆਂ ਹਨ। ਸੱਚ ਕਿਹਾ ਜਾਵੇ ਇਹ ਉਹਨਾਂ ਦੇ ਦਿਲ ਦੀ-ਚਿੱਤਕਾਰੀ ਹੁੰਦੀ ਹੈ। ਲਗਭਗ ਦਰੀ ਦੀ ਲੰਬਾਈ ਸਵਾ ਦੋ ਗਜ਼ ਬੁਣ ਲਈ ਜਾਂਦੀ ਹੈ। ਸਿਰੇ ਤੇ ਜਾਕੇ ਪਹਿਲੇ ਸਿਰੇ ਵਾਂਗ ਡੋਰੇ ਪਾਕੇ ਦਰੀ ਨੂੰ ਅੰਤਿਮ ਛੂਹ ਦਿੱਤੀ ਜਾਂਦੀ ਹੈ। ਦਰੀ ਦੀ ਕੰਨੀ ਤੇ ਬੁਣਾਈ ਦੀ ਠਕਾਈ ਅਤੇ ਨਮੂਨਿਆਂ ਦੀ ਸਫਾਈ ਲਈ ਪੂਰੀ ਪ੍ਰਬੀਨਤਾ ਤੋਂ ਕੰਮ ਲਿਆ ਜਾਂਦਾ ਹੈ। ਆਖਿਰ ਬੁਣੀ ਹੋਈ ਦਰੀ ਦੇ ਸਿਰੇ ਤੋਂ ਇਕ ਗਿੱਠ ਡੋਰਾਂ ਵਾਲੀ ਥਾਂ ਛੱਡਕੇ ਦਰੀ ਨੂੰ ਕੈਂਚੀ ਨਾਲ ਕੱਟ ਲਿਆ ਜਾਂਦਾ ਹੈ। ਦਰੀ ਨਾਲ ਲਟਕਦੀਆਂ ਫਾਲਤੂ ਡੋਰਾਂ ਦੇ ਬੰਬਲ ਵੱਟ ਲਏ ਜਾਂਦੇ ਹਨ ਜਾਂ ਜਾਲ ਬੰਨ੍ਹ ਲਿਆ ਜਾਂਦਾ ਹੈ। ਦਰੀ ਬੁਣਕੇ ਮੁਟਿਆਰਾਂ ਤੇ ਤੀਵੀਂਆਂ ਨੂੰ ਖੁਸ਼ੀ ਦਾ ਨਸ਼ਾ ਜਿਹਾ ਚੜ੍ਹ ਜਾਂਦਾ ਹੈ। ਝਾੜ ਸੁਆਰਕੇ ਦਰੀ ਨੂੰ ਹੋਰ ਸਾਥਣਾਂ ਨੂੰ ਵਿਖਾਇਆ ਜਾਂਦਾ ਹੈ। ਚੰਗੀ ਤੇ ਨਮੂਨੇਦਾਰ ਬੁਣੀ ਦਰੀ ਦੀਆਂ ਗੱਲਾਂ ਹੁੰਦੀਆਂ ਹਨ। ਕਈ ਵੇਰ ਦਰੀਆਂ ਬੁਣਨ ਲਈ ਇਕ ਦੂਜੀ ਨਾਲ ਬਿੜ੍ਹੀ ਕਰ ਲੈਂਦੀਆਂ ਹਨ ਤੇ ਇਕ ਦੂਜੇ ਦਾ ਹੱਥ ਵਟਾਉਣ ਦੀ ਸਦ-ਭਾਵਨਾ ਸਮਾਜਿਕ-ਰਿਸ਼ਤਿਆਂ ਨੂੰ ਪੀਡੇ ਕਰਨ ਵਿਚ ਸਹਾਇਤਾ ਦੇਂਦੀ ਹੈ। ਘਰ ਬੁਣੀ ਹੋਈ ਦਰੀ ਤੇ ਲੱਗੀ ਮਿਹਨਤ, ਸਾਰਾ ਸਾਮਾਨ ਤੇ ਹੋਰ ਨਿੱਕ-ਸੁੱਕ ਨੂੰ ਜੇ ਗਿਣਿਆ ਜਾਵੇ ਤਾਂ ਇਕ ਸਾਧਾਰਨ ਦਰੀ ਤੋਂ ਨਮੂਨੇਦਾਰ ਦਰੀ ਦੀ ਕੀਮਤ ਸੌ ਰੁਪਏ ਤੱਕ ਉਪੜ ਸਕਦੀ ਹੈ। ਪਿੰਡਾਂ 'ਚ ਇਸ ਘਰੇਲੂ ਉਦਯੋਗ ਨੂੰ ਉਤਸ਼ਾਹ ਦੇਣਾ ਚਾਹੀਦਾ ਹੈ।

# ਜੱਟ ਦੀ ਬੰਬੀ

ਪੰਜਾਬ ਵਿਚ ਟਿਊਬਵੈਲਾਂ ਰਾਹੀਂ ਸਿੰਚਾਈ ਦਾ ਰਕਬਾ ਹਰ ਸਾਲ ਵਧਦਾ ਜਾ ਰਿਹਾ ਹੈ । ਖੂਹਾਂ ਤੇ ਹਲਟਾਂ ਦੀ ਧੀਮੀ ਚਾਲ ਦਾ ਜ਼ਮਾਨਾ ਹੁਣ ਨਹੀਂ ਰਿਹਾ। ਇਸ ਵੇਲੇ ਪੰਜਾਬ ਵਿਚ ਲਗਭਗ 6 ਲੱਖ ਟਿਊਬਵੈੱਲ ਲੱਗੇ ਹੋਏ ਹਨ । ਖੇਤੀ ਵਿਚ ਪ੍ਰਗਤੀ ਲਿਆਉਣ ਲਈ ਹੋਰ ਸਾਧਨਾਂ ਨਾਲੋਂ ਟਰੈਕਟਰ ਅਤੇ ਟਿਊਬਵੈੱਲ ਦੀਆਂ ਬਰਕਤਾਂ ਦੀ ਦੇਣ ਵਰਨਣਯੋਗ ਹੈ ।

ਆਮ ਪੇਂਡੂ ਬੋਲੀ ਵਿਚ ਟਿਊਬਵੈੱਲ ਨਿੱਕੇ ਜਿਹੇ ਸ਼ਬਦ 'ਬੰਬੀ' ਨਾਲ ਪੁਕਾਰਿਆ ਜਾਂਦਾ ਹੈ। ਮਾਰੂ ਖੇਤੀ ਹੁਣ ਕਾਮਯਾਬ ਨਹੀਂ ਰਹੀ, ਇਸ ਲਈ ਜੱਟ ਲਈ ਬੰਬੀ ਲਾਉਣਾ ਜਿਥੇ ਜ਼ਰੂਰੀ ਹੈ, ਉੱਥੇ ਉਹ ਇਸ ਨੂੰ ਲਾਉਣਾ ਵੀ ਸੌਖਾ ਸਮਝਦਾ ਹੈ! ਇਸੇ ਕਰਕੇ ਦਿਆਲੇ ਜੱਟ ਵਰਗਾ ਕਹਿ ਦਿੰਦਾ ਹੈ :

ਕਿਹੜਾ ਲੱਭੂਗਾ ਛਬੋਲੀਏ ਫਿਰਕੇ,
ਥੋਰ ਵਾਲੇ ਨਿੱਤ ਮਿਲਦੇ ।

ਇਥੋਂ ਤੱਕ ਕਿ ਜੱਟ ਦੀ ਆਰਥਿਕ ਹਾਲਤ ਉਸ ਦੀ ਬੰਬੀ ਦੇ ਸਿਰ ਹੈ। ਚੰਗੇ ਪੱਤਣ ਵਾਲੀ ਬੰਬੀ ਦੀਆਂ ਰੀਸਾਂ ਨਹੀਂ। ਬੰਬੀ ਦੇ ਚਾਂਦੀ ਰੰਗੇ ਪਾਣੀ ਨੂੰ ਵੇਖਕੇ ਜੱਟ ਨੂੰ ਇਕ ਨਸ਼ਾ ਜਿਹਾ ਆ ਜਾਂਦਾ ਹੈ। ਖੇਤੀ ਦੇ ਨਵੇਂ ਢੰਗਾਂ ਦੀ ਸਫਲਤਾ ਪਾਣੀ ਬਿਨਾਂ ਨਹੀਂ ਹੋ ਸਕਦੀ। ਇਸੇ ਕਰਕੇ ਪਿੰਡ ਦਾ ਬਜ਼ੁਰਗ ਗੱਲਾਂ ਕਰਦਾ ਕਰਦਾ ਕਹਿ ਛੱਡਦਾ ਹੈ:—

ਚਲਦੀ ਰਹੇ ਬੰਬੀ,
ਫਸਲ ਹੋਏ ਲੰਬੀ ।

---


ਵੇਖ ਬੰਬੀ ਦੇ ਨਜ਼ਾਰੇ,
ਜੱਟ ਪਾ ਲਏ ਚਬਾਰੇ ।

---

ਪਿੰਡਾਂ ਵਿਚ ਰਿਸ਼ਤੇ ਨਾਤੇ ਕਰਨ ਸਮੇਂ ਜਿਥੇ ਸਿਆੜਾਂ (ਜ਼ਮੀਨ ਦੇ ਕੀਲੇ) ਦਾ ਪਤਾ ਕਰਨਾ ਜ਼ਰੂਰੀ ਸਮਝਿਆ ਜਾਂਦਾ ਹੈ ਉੱਥੇ ਜੱਟ ਦੇ ਖੇਤ ਵਿਚ ਲੱਗੀ ਬੰਬੀ ਦਾ ਹੋਣਾ ਵੀ ਉਸ ਦੀ ਆਰਥਿਕ ਖੁਸ਼ਹਾਲੀ ਸਮਝੀ ਜਾਂਦੀ ਹੈ। ਜੱਟ ਦੀ ਸੁਆਣੀ ਗੱਲਾਂ ਗੱਲਾਂ ਵਿਚ ਧੀ ਦੇ ਵਰ ਬਾਰੇ ਗੱਲ ਕਰਦੀ ਇੱਛਾ ਪ੍ਰਗਟ ਕਰ ਦਿੰਦੀ ਹੈ :—

ਹੋਵੇ ਖੇਤ ਵਿਚ ਬੰਬੀ,
ਧੀ ਚੰਗੇ ਘਰ ਮੰਗੀ।

ਕਈ ਵੱਡੇ ਜ਼ਿਮੀਦਾਰਾਂ ਨੇ ਤਾਂ ਹੁਣ ਆਪਣੀ ਪਰਿਵਾਰਿਕ-ਰਿਹਾਇਸ਼ ਬੰਬੀ ਉੱਤੇ ਹੀ ਕਰ ਲਈ ਹੈ। ਇਕ ਤਾਂ ਜ਼ਿਮੀਦਾਰ ਦਾ ਡੰਗਰ ਵੱਛੇ ਦਾ ਕੰਮ ਬਹੁਤਾ ਸੁਖਾਲਾ ਹੈ ਦੂਜੇ ਘਰ ਦੇ ਹੋਰ ਜੀਅ ਵੀ ਖੁਲ੍ਹੇ ਡੁਲ੍ਹੇ ਸਰਸ਼ਬਜ ਮਹੌਲ ਵਿਚ ਰਹਿ ਕੇ ਖੇਤੀ ਦੇ ਕੰਮ ਵਿਚ ਹਨੇਰੇ ਸਵੇਰੇ ਹੱਥ ਵਟਾ ਸਕਦੇ ਹਨ। ਜ਼ਿਮੀਦਾਰ ਜਿੰਨਾ ਵੱਧ ਸਮਾਂ ਖੇਤ ਵਿਚ ਗੁਜ਼ਾਰੇਗਾ ਉਤਨਾ ਵੱਧ



ਬੰਬੀ ਚੱਲਦੀ ਕਿਸਾਨ ਘਰ ਹੱਸਦਾ,
ਬੱਚਿਆਂ 'ਚ ਰੱਬ ਵੱਸਦਾ ।

ਉਸਦੀ ਖੇਤੀ ਵਿਚ ਸੁਧਾਰ ਹੋਵੇਗਾ। ਇਸੇ ਕਰਕੇ ਉਸਦੀ ਸੁਆਣੀ ਘਰ ਆਏ ਮਹਿਮਾਨਾਂ ਨੂੰ ਬੜੇ ਮਾਣ ਨਾਲ ਕਹਿ ਦਿੰਦੀ ਹੈ :—

ਛੱਡ ਚੰਦਰਾ ਗੁਆਂਢ ਪਰਾਣਾ,
ਬੰਬੀ ਉੱਤੇ ਘਰ ਬੰਨ੍ਹਿਆ ।

ਸੱਚਮੁਚ ਬੰਬੀ ਉੱਤੇ ਜੱਟ ਦੀ ਨਵੀਂ ਦੁਨੀਆਂ ਉਸਰ ਰਹੀ ਹੈ। ਹੁਣ ਉਹ ਟੋਕੇ ਦੀ ਮਸ਼ੀਨ, ਘੁਲਾੜੀ, ਡਰੰਮੀ ਤੇ ਕਈ ਹੋਰ ਮਸ਼ੀਨਾਂ ਬੰਤ੍ਰੀ ਦੀ ਸ਼ਕਤੀ ਨਾਲ ਚਲਾ ਲੈਂਦਾ ਹੈ। ਪਰ ਡੀਜ਼ਲ ਜਾਂ ਬਿਜਲੀ ਦੀ ਘਾਟ ਕਾਰਨ ਉਸ ਨੂੰ ਬੜੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਥੋੜ੍ਹੀ ਜ਼ਮੀਨ ਵਾਲੇ ਜੱਟ ਦੀ ਆਰਥਿਕ-ਮੰਦਹਾਲੀ ਕਾਰਨ ਉਸ ਨੂੰ ਕਰਜ਼ਾ ਲੈਣਾ ਪੈਂਦਾ ਹੈ। ਉਹ ਦਿਨ ਰਾਤ ਕਰੜੀ ਮਿਹਨਤ ਕਰਦਾ ਹੈ ਪਰ ਸਿਰ ਚੜ੍ਹੇ ਕਰਜ਼ੇ ਦੀ ਚਿੰਤਾ ਉਸ ਨੂੰ ਫਿਕਰਮੰਦ ਕਰੀ ਰੱਖਦੀ ਹੈ।

ਬੰਬੀ ਉੱਤੇ ਜੱਟ ਦੀ ਕਿਸਾਨੀ ਜ਼ਿੰਦਗੀ ਧੜਕਦੀ ਹੈ। ਉਸ ਦੇ ਦਾਰੂ-ਪਿਆਲੇ ਦੀਆਂ ਸਾਈਆਂ ਵਧਾਈਆਂ ਦੀ ਥਾਂ ਵੀ ਕਈ ਵੇਰ ਇਹੋ ਬਣਦੀ ਹੈ। ਮਾੜੇ ਜੱਟ ਨੂੰ ਤਾਂ ਬੰਬੀ ਉੱਤੇ ਕੋਠਾ ਛੱਤਣ ਲਈ ਸੀਮਿੰਟ ਖਾਤਰ ਤਰਲੇ ਕਰਨੇ ਪੈਂਦੇ ਹਨ। ਕਈ ਤਾਂ ਝੁੱਗੀ ਪਾ ਕੇ ਹੀ ਬੁੱਤਾ ਧੱਕਦੇ ਹਨ। ਫਿਰ ਬਿਜਲੀ ਦੇ ਕੁਨੈਕਸ਼ਨ ਲਈ ਕਈ ਕਈ ਮਹੀਨੇ ਖਜਲ ਖੁਆਰ ਹੋਣਾ ਪੈਂਦਾ ਹੈ। ਔੜਾਂ ਮਾਰੀ ਫਸਲ ਨੂੰ ਕਦੇ ਟਰੈਕਟਰ ਦੀ ਸ਼ਕਤੀ ਨਾਲ ਅਤੇ ਕਦੇ ਇੰਜਣ ਨਾਲ ਘੋਲ ਕਰਕੇ ਬੰਬੀ ਨਾਲ ਸਿੰਚਾਈ ਕਰਦਾ ਜੱਟ ਰਾਤਾਂ ਝਾਕਦਾ ਰਹਿੰਦਾ ਹੈ। ਧੁੱਪ-ਛਾਂ, ਗਰਮੀ-ਸਰਦੀ ਤੇ ਹਨੇਰੀਆਂ ਉਸ ਦੇ ਪਿੰਡੇ ਉੱਤੇ ਲੰਘਦੀਆਂ ਹਨ। ਉਸ ਦੇ ਮੁਸ਼ੱਕਤੀ ਸਿਰੜ ਅੱਗੇ ਰੱਬ ਨੂੰ ਵੀ ਡਰਨਾ ਪੈਂਦਾ ਹੈ।

# ਹੁਣ ਨਾ ਦਾਦੀ ਰੂੰ ਵੇਲੇ

ਕੋਈ ਜ਼ਮਾਨਾ ਸੀ ਜਦੋਂ ਪਿੰਡਾਂ ਦੀਆਂ ਮੁਟਿਆਰਾਂ ਸਿਆਲ ਦੀਆਂ ਰਾਤਾਂ ਨੂੰ ਇਕ ਦੂਜੇ ਦੇ ਘਰ ਤ੍ਰਿੰਝਣ ਲਾਇਆ ਕਰਦੀਆਂ ਸਨ। ਪਰ ਹੁਣ ਇਹ ਸ਼ੌਕ ਸਾਡੇ ਨਵੇਂ ਪੇਂਡੂ ਸਭਿਆਚਾਰ ਵਿਚ ਬਹੁਤ ਹੀ ਘਟ ਗਿਆ ਹੈ। ਇਹੋ ਹਾਲ ਹੱਥ ਵੇਲਣੇ ਨਾਲ ਰੂੰ ਵੇਲਣ ਦੇ ਕੰਮ ਦਾ ਹੋ ਗਿਆ ਹੈ।

ਦਾਦੀ ਮਾਂ ਸਰਦੀਆਂ ਵਿਚ ਦੋ ਗੱਲਾਂ ਕਰਕੇ ਪੇਂਡੂ ਪਰਿਵਾਰ ਵਿਚ ਨਵੇਕਲੀ ਥਾਂ ਰੱਖਦੀ ਹੁੰਦੀ ਸੀ। ਇਕ ਤਾਂ ਬੱਚਿਆਂ ਨੂੰ ਬਾਤਾਂ ਸੁਣਾਣਾ ਤੇ ਦੂਜੇ ਰੂੰ ਵੇਲਣ ਦਾ ਕੰਮ ਕਰਨਾ। ਬਾਤਾਂ ਸੁਣਨ ਦਾ ਸ਼ੌਕ ਤਾਂ ਛੋਟੇ ਬੱਚੇ ਹੁਣ ਵੀ ਰੱਖਦੇ ਹਨ ਪਰ ਰੂੰ ਵੇਲਣ ਦੀਆਂ ਮਸ਼ੀਨਾਂ ਬਣਨ ਨਾਲ ਹੱਥ ਵੇਲਣੇ ਤਾਂ ਹੁਣ ਘਰ ਦੇ ਖੱਲ੍ਹ-ਖੂ ਜਿਆਂ ਵਿਚੋਂ ਵੀ ਲੱਭਣੇ ਮੁਸ਼ਕਲ ਹਨ। ਸਾਡੇ ਲੋਕ-ਗੀਤਾਂ ਵਿਚ ਤੀਵੀਆਂ ਦੇ ਇਸ ਕੰਮ ਦਾ ਜ਼ਿਕਰ ਇਉਂ ਆਉਂਦਾ ਹੈ :—

ਤੇਰਾ ਵੇਲਣਾ ਗਰੀਬ ਕਰੇ,
ਤੂੰ ਕਿਉਂ ਨਾ ਵੇਲਦਾ ?
ਕਤੀਰ ਦਾ ਮੈਂ ਵੇਲਣਾ
ਵੇਲ ਵੇਲ ਥੱਕੀ ।

ਹੱਥ-ਵੇਲਣਾ ਬੜਾ ਸਾਧਾਰਣ ਹੁੰਦਾ ਸੀ। ਪਿੰਡ ਦੇ ਤਰਖਾਣ ਤੋਂ ਇਸ ਨੂੰ ਬਣਵਾ ਲਿਆ ਜਾਂਦਾ ਸੀ। ਦਿਨੇ ਕਪਾਹ ਦੀਆਂ ਫੁੱਟੀਆਂ ਨੂੰ ਧੁੱਪ ਲਵਾ ਲਈ ਜਾਂਦੀ ਤੇ ਸ਼ਾਮੀਂ ਘਰ ਦੀ ਇਕ ਨਿੱਘੀ-ਨੁੱਕਰੇ ਬੁੱਢੀ ਦਾਦੀ ਆਪਣਾ ਵੇਲਵਾ ਤੇ ਕਪਾਹ ਦੀ ਪੰਡੋਕਲੀ ਰੱਖ ਲੈਂਦੀ। ਰੋਟੀ ਖਾਣ ਤੋਂ ਬਾਅਦ ਦੀਵੇ ਦੀ ਲੋਅ ਵਿਚ ਬੁੱਢੀ ਦਾਦੀ ਪੰਡੋਕਲੀ 'ਚੋਂ ਇਕ ਇਕ ਫੁੱਟੀ ਖੱਬੇ ਹੱਥ ਨਾਲ ਵੇਲਣੇ ਦੇ ਮੂੰਹ ਵਿਚ ਦਿੰਦੀ ਰਹਿੰਦੀ ਤੇ ਸੱਜੇ ਹੱਥ ਨਾਲ ਵੇਲਣੇ ਦੀ ਹੱਥੀ ਘੁਮਾਉਂਦੀ ਰਹਿੰਦੀ। ਵੇਲਣੇ ਦੇ ਪਿਛਲੇ ਪਾਸੇ ਰੂੰ ਦਾ ਅੰਬਾਰ ਲਗਦਾ ਰਹਿੰਦਾ ਤੇ ਦਾਦੀ ਦੇ ਪੈਰਾਂ ਵਿਚ ਵੜੇਵੇਂ ਟਪਕ ਟਪਕ ਡਿੱਗਦੇ ਰਹਿੰਦੇ। ਬੁਢੇਪੇ ਅਤੇ ਕਿਰਤ ਦਾ ਇਹ ਸਹਿਜਾ ਤੇ ਪਿਆਰਾ ਸਾਥ ਹੁੰਦਾ ਸੀ। ਰੂੰ ਪਿੰਡ ਦੇ ਪੀਂਜੇ ਤੋਂ ਪੰਜਵਾ ਲਈ ਜਾਂਦੀ ਅਤੇ ਵੜੇਵੇਂ ਮੱਝਾਂ ਗਊਆਂ ਨੂੰ ਚਾਰ ਦਿੱਤੇ ਜਾਂਦੇ। ਵੇਲਣੇ ਦੀ ਚੀਂ ਚੀਂ ਨਾਲ ਬੁੱਢੀ ਦਾਦੀ ਤੋਂ ਬਾਤਾਂ ਸੁਣਦੇ ਜੁਆਕ ਸੌਂ ਜਾਂਦੇ ਤੇ ਦੀਵੇ ਦੀ ਮੱਧਮ ਲੋਅ ਵਿਚ ਸਾਰੇ ਜੀਅ ਆਪਣਾ ਆਪਣਾ ਕੰਮ ਮੁਕਾ ਲੈਂਦੇ। ਢੇਰ ਰਾਤ ਗਈ, ਬੁੱਢੀ ਦਾਦੀ ਵੀ ਆਖਿਰ ਦੀਵੇ ਨੂੰ ਫੂਕ ਮਾਰ ਆਪਣੀ ਮੰਜੀ ਤੇ ਖੈਰਾਂ ਮੰਗਦੀ ਸੌਂ ਜਾਂਦੀ।

ਮੈਨੂੰ ਮਨਮੋਹਨ ਸਿੰਘ ਦਾਊਂ ਦੀ ਪੁਸਤਕ 'ਸਭਿਆਚਾਰਕ ਮੁਹਾਂਦਰੇ' ਪੜ੍ਹ ਕੇ ਬੜੀ ਖੁਸ਼ੀ ਹੋਈ ਹੈ ਕਿ ਪੰਜਾਬੀ ਲੋਕ-ਜੀਵਨ ਦੀ ਧੜਕਦੀ ਜੀਵਨ ਰੌਂ ਨੂੰ ਪਛਾਨਣ ਵਾਲਾ ਇਕ ਨਵਾਂ ਵਾਰਤਾਕਾਰ ਇਸ ਪਾਸੇ ਆਇਆ ਹੈ। ਉਸ ਨੇ ਪੰਜਾਬੀ ਕਿਸਾਨਾਂ, ਕਿਰਤੀਆਂ ਤੇ ਕੰਮੀਂ ਰੁਝੀਆਂ ਪੰਜਾਬਣ ਮੁਟਿਆਰਾਂ ਦੀ ਅੰਦਰਲੀ ਕਿਰਤ ਤੇ ਸੁਮੇਲ ਨੂੰ ਪਛਾਣਿਆ ਹੈ। ਪੰਜਾਬੀ ਲੋਕ-ਧਾਰਾ ਦੇ ਅਲੋਪ ਹੋ ਰਹੇ ਮੁਹਾਂਦਰੇ ਨੂੰ ਨਿੱਕੇ ਨੰਨ੍ਹੇ ਰੇਖਾ ਚਿਤਰਾਂ ਵਿਚ ਉਲੀਕਣ ਦਾ ਇਹ ਸਫਲ ਯਤਨ ਹੈ। ਮੈਂ ਲੇਖਕ ਦੇ ਇਸ ਉੱਦਮ ਦਾ ਸੁਆਗਤ ਕਰਦਾ ਹਾਂ।



ਮਨਮੋਹਨ ਸਿੰਘ ਦਾਊਂ

ਅਕਤੂਬਰ 10, 1981

ਡਾ. ਵਣਜਾਰਾ ਬੇਦੀ
ਦਿੱਲੀ

ਮਨਮੋਹਨ ਸਿੰਘ ਦਾਊਂ ਦੇ ਲੇਖ ਅਕਸਰ 'ਪੰਜਾਬੀ ਟ੍ਰਿਬਿਊਨ 'ਚ ਛਪਦੇ ਰਹਿੰਦੇ ਹਨ। ਸਾਡੇ ਪਾਠਕਾਂ ਵੱਲੋਂ ਇਹ ਕਾਫ਼ੀ ਸਲਾਹੇ ਜਾਂਦੇ ਹਨ। ਸ੍ਰੀ ਦਾਊਂ ਦੀ ਸ਼ੈਲੀ ਵਿਚ ਇਕ ਵਿਸ਼ੇਸ਼ ਰਵਾਨਗੀ ਹੈ ਜਿਹੜੀ ਪਾਠਕ ਨੂੰ ਲਿਖਤ ਦੇ ਨਾਲ ਬਿਨਾਂ ਰੁਕਿਆਂ ਤੋਰੀ ਰੱਖਦੀ ਹੈ। ਪੁਸਤਕ ਵਿਚ ਪੇਂਡੂ ਜ਼ਿੰਦਗੀ ਦੇ ਕਈ ਅਣਗੌਲੇ ਪੱਖਾਂ ਤੇ ਸਫਲ ਝਾਤ ਪੁਆਉਣ ਤੇ ਲੇਖਕ ਵਧਾਈ ਦਾ ਪਾਤਰ ਹੈ।

ਅਕਤੂਬਰ 8, 1981

ਬਰਜਿੰਦਰ ਸਿੰਘ
ਐਡੀਟਰ
ਪੰਜਾਬੀ ਟ੍ਰਿਬਿਊਨ